
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ
ਮੁੱਖ ਸੰਪਾਦਕ :- ਅਮਨਦੀਪ ਮਹਿਰਾ

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਐਤਵਾਰ, 20 ਅਗਸਤ 2023 ਮੁੱਖ ਸੰਪਾਦਕ - ਅਮਨ ਮਹਿਰਾ (ਜਲੰਧਰ)

ਰੋਜ਼ਾਨਾ ਪੰਜਾਬੀ ਅਖ਼ਬਾਰ 'ਲੋਕ ਬਾਣੀ' ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।
0181-2211009

R.N.I. Punpun/29016/2008 ✲ ਸਾਲ : 15 ✲ ਅੰਕ : 164 ✲ ਮੁੱਲ : 5.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111


## ਦਿੱਲੀ 'ਚ ਪਏ ਭਾਰੀ ਮੀਂਹ ਕਾਰਨ ਲੱਗਾ ਕਈ ਥਾਈਂ ਜਾਮ

• ਦਿੱਲੀ/ਲੋਕ ਬਾਣੀ

ਦਿੱਲੀ, ਨੋਇਡਾ,ਫਰੀਦਾਬਾਦ ਅਤੇ ਗੁਰੂਗ੍ਰਾਮ ਦੇ ਵਸਨੀਕਾਂ ਨੂੰ ਅੱਜ ਬਾਰਸ਼ ਨਾਲ ਗਰਮ ਅਤੇ ਹੁੰਮਸ ਤੋਂ ਕੁਝ ਰਾਹਤ ਮਿਲੀ ਪਰ ਏ?ਸ ਕਾਰਨ ਜ਼ਿਆਦਾਤਰ ਹੇਠਲੇ ਇਲਾਕਿਆਂ 'ਚ ਪਾਣੀ ਭਰ ਗਿਆ। ਇਸ ਦੇ ਨਾਲ ਆਵਾਜਾਈ ਦੀਆਂ ਸਮੱਸਿਆਵਾਂ ਪੈਦਾ ਹੋ ਗਈ।ਭਾਰੀ ਮੀਂਹ ਕਾਰਨ ਰਾਸ਼ਟਰੀ ਰਾਜਧਾਨੀ ਦੇ ਕਈ ਖੇਤਰਾਂ ਵਿੱਚ ਪਾਣੀ ਭਰ ਗਿਆ ਅਤੇ ਦਿੱਲੀ ਦੀ ਟ?ਰੈਫਿਕ ਪੁਲੀਸ ਨੇ ਆਪਣੇ ਐਕਸ ਹੈਂਡਲ 'ਤੇ ਵੱਖ-ਵੱਖ ਖੇਤਰਾਂ ਤੋਂ ਬਚਣ ਦੀ ਸਲਾਹ ਦਿੱਤੀ। ਖੇਤਰੀ ਮੌਸਮ ਭਵਿੱਖਬਾਣੀ ਕੇਂਦਰ ਨੇ ਅੱਜ ਹੋਰ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ।



## 20 ਹਜਾਰ ਲੋਕ ਹੋਏ ਬੇਘਰ ਮਾਮਲਾ ਬ੍ਰਿਟਿਸ਼ ਦੇ ਜੰਗਲਾਂ ਵਿਚ ਲੱਗੀ ਅੱਗ ਦਾ



• ਵੈਨਕੂਵਰ

ਕੈਨੇਡਾ ਦੇ ਉੱਤਰੀ-ਪੱਛਮੀ ਪ੍ਰਦੇਸ਼ ਦੀ ਰਾਜਧਾਨੀ ਨੇੜੇ ਜੰਗਲਾਂ ਵਿਚ ਲੱਗੀ ਅੱਗ ਕਾਰਨ 20,000 ਤੋਂ ਵੱਧ ਲੋਕ ਬੇਘਰ ਹੋ ਗਏ ਹਨ।ਅੱਗ ਐਨੀ ਭਿਆਨਕ ਹੈ ਕਿ ਬ੍ਰਿਟਿਸ਼ ਕੋਲੰਬੀਆ ਸੂਬਾ ਸਰਕਾਰ ਨੇ ਰਾਜ ਵਿੱਚ ਐਮਰਜੰਸੀ ਐਲਾਨ ਦਿੱਤੀ ਹੈ। ਇਸ ਦੇ ਨਾਲ ਹੀ ਯੈਲੋਨਾਈਫ ਸ਼ਹਿਰ ਤੋਂ ਸੈਂਕੜੇ ਕਿਲੋਮੀਟਰ ਦੱਖਣ ਵਿਚ ਸਥਿਤ ਬ੍ਰਿਟਿਸ਼ ਕੋਲੰਬੀਆ ਦੇ ਸੰਘਣੀ ਆਬਾਦੀ ਵਾਲੇ ਖੇਤਰ ਵਿਚ ਅੱਗ ਤੇਜ਼ੀ ਨਾਲ ਫੈਲ ਰਹੀ ਹੈ, ਜਿਸ ਕਾਰਨ ਉੱਥੇ ਦੇ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਗਿਆ ਹੈ। ਅੱਗ ਕਾਰਨ ਇੱਥੇ ਕਈ ਘਰ ਸੜ ਗਏ।

## ਪੰਜਾਬ ਦੇ ਪਟਵਾਰੀਆਂ ਨੇ ਦਿੱਤਾ ਮੁੱਖ ਮੰਤਰੀ ਦੇ ਹਲਕੇ ਵਿੱਚ ਧਰਨਾ

**ਧੂਰੀ :** ਪੰਜਾਬ ਦੇ ਅੱਠ ਜ਼ਿਲ੍ਹਿਆਂ ਦੇ ਪਟਵਾਰੀਆਂ ਨੇ ਮੁੱਖ ਮੰਤਰੀ ਦੇ ਵਿਧਾਨ ਸਭਾ ਹਲਕੇ ਦੇ ਵਿਚ ਜੰਮ ਕੇ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਕੀਤੇ ਹੋਏ ਐਲਾਨਾਂ ਨੂੰ ਲਾਗੂ ਕਰਵਾਉਣ ਲਈ ਸਾਨੂੰ ਇਹ ਧਰਨਾ ਦੇਣਾ ਪੈ ਰਿਹਾ ਹੈ।ਪ੍ਰਦਰਸ਼ਨਕਾਰੀ ਪਟਵਾਰੀਆਂ ਦੀ ਮੰਗ ਹੈ ਕਿ ਜੋ ਨਵੇਂ ਨੌਜਵਾਨ ਪਟਵਾਰੀ ਭਰਤੀ ਹੋਏ ਹਨ, ਉਨ੍ਹਾਂ ਨੂੰ ਸਿਰਫ਼ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਮਿਲ ਰਿਹਾ ਹੈ, ਜੋ ਨਾ ਕਾਫ਼ੀ ਹੈ, ਜਦਕਿ ਮੁੱਖ ਮੰਤਰੀ ਸਾਹਿਬ ਨੇ ਐਲਾਨ ਕੀਤਾ ਸੀ ਕਿ 5000 ਦੀ ਥਾਂ 19,000 ਰੁਪਏ ਪ੍ਰਤੀ ਮਹੀਨਾ ਮਿਲੇਗਾ, ਪਰ ਇਹ ਸਿਰਫ਼ ਐਲਾਨ ਹੀ ਰਹਿ ਗਿਆ ਹਾਲਾਂਕਿ ਇਸ ਸੰਬੰਧੀ ਇਸ਼ਤਿਹਾਰ ਵੀ ਦਿੱਤੇ ਗਏ ਸੀ ਪਰ ਅਜੇ ਤੱਕ ਕੁਝ ਵੀ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਅਸੀਂ ਆਪਣੀਆਂ ਮੰਗਾਂ ਲਾਗੂ ਕਰਾਉਣ ਲਈ ਅੱਜ ਮੁੱਖ ਮੰਤਰੀ ਦੇ ਆਪਣੇ ਸ਼ਹਿਰ ਦੇ ਵਿਚ ਅੱਠ ਜ਼ਿਲ੍ਹਿਆਂ ਤੋਂ ਆ ਕੇ ਧਰਨਾ ਦੇ ਰਹੇ ਹਾਂ ਪਰ ਪੰਜਾਬ ਦੇ ਜਿਹੜੇ ਇਲਾਕਿਆਂ ਦੇ ਵਿਚ ਹੜ੍ਹ ਆਏ ਹੋਏ ਹਨ, ਉਥੇ ਸਾਡੇ ਪਟਵਾਰੀ ਆਪਣੀ ਡਿਊਟੀ ਦੇ ਰਹੇ ਹਨ।

## ਦੇਸ਼ ਦੀ ਰਾਜਧਾਨੀ 'ਚ 40 ਕਰੋੜ ਦੀ ਹੈਰੋਇਨ ਫੜੀ ਗਈ

• ਨਵੀਂ ਦਿੱਲੀ/ਕਪੂਰ



ਦਿੱਲੀ 'ਚ 40 ਕਰੋੜ ਰੁਪਏ ਦੀ ਕੀਮਤ ਦੀ 56.055 ਕਿਲੋ ਅਫੀਮ ਬਰਾਮਦ ਕੀਤੀ ਗਈ ਹੈ।ਦਿੱਲੀ ਪੁਲੀਸ ਦੇ ਸਪੈਸ਼ਲ ਸੈੱਲ/ਉੱਤਰੀ ਰੇਂਜ ਦੀ ਟੀਮ ਨੇ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਕੇ ਅੰਤਰਰਾਜੀ ਡਰੱਗ ਗਰੋਹ ਦਾ ਪਰਦਾਫਾਸ਼ ਕੀਤਾ ਹੈ।ਫੜੇ ਮੁਲਾਜ਼ਮਾਂ 'ਚ ਪਰਮਜੀਤ ਸਿੰਘ ਵਾਸੀ ਜੰਮੂ( 53 ਸਾਲ) ਤੇ ਰਾਜ ਕੁਮਾਰ ਵਾਸੀ ਜੰਮੂ (38 ਸਾਲ) ਸ਼ਾਮਲ ਹਨ। ਇਨ੍ਹਾਂ ਕੋਲੋਂ ਟਰੱਕ ਯੂਪੀ-13ਬੀਟੀ-5215, ਕਈ ਮੋਬਾਈਲ ਹੈਂਡਸੈੱਟ ਅਤੇ ਨਸ਼ਾ ਤਸਕਰੀ ਵਿੱਚ ਵਰਤੇ ਜਾਂਦੇ ਸਿਮ ਕਾਰਡ ਵੀ ਬਰਾਮਦ ਕੀਤੇ ਗਏ ਹਨ। ਬਰਾਮਦ ਕੀਤੀ ਅਫੀਮ ਉੱਤਰ-ਪੂਰਬੀ ਰਾਜਾਂ ਤੋਂ ਲਿਆਂਦੀ ਗਈ ਸੀ ਅਤੇ ਇਹ ਦੇਸ਼ ਦੇ ਵੱਖ-ਵੱਖ ਹਿੱਸਿਆਂ ਨੂੰ ਸਪਲਾਈ ਕਰਨ ਲਈ ਸੀ। ਇਹ ਗਰੋਹ ਮਨੀਪੁਰ, ਆਸਾਮ, ਬਿਹਾਰ ਤੇ ਪੱਛਮੀ ਬੰਗਾਲ ਵਿੱਚੋਂ ਖਰੀਦ ਕੇ ਦਿੱਲੀ/ਐਨਸੀਆਰ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਅਫੀਮ ਅਤੇ ਹੈਰੋਇਨ ਦੀ ਸਪਲਾਈ ਵਿੱਚ ਸ਼ਾਮਲ ਸੀ। ਇਹ ਸਾਹਮਣੇ ਆਇਆ ਹੈ ਕਿ ਸਪਲਾਇਰ ਮਨੀਪੁਰ ਅਤੇ ਮਿਆਂਮਾਰ ਦੀਆਂ ਅੰਤਰਰਾਸ਼ਟਰੀ ਸਰਹੱਦਾਂ ਦੇ ਆਲੇ-ਦੁਆਲੇ ਪਹਾੜੀ ਖੇਤਰਾਂ ਤੋਂ ਕੱਚਾ ਮਾਲ ਖਰੀਦਦੇ ਸਨ।ਥਾਣਾ ਸਪੈਸ਼ਲ ਸੈੱਲ ਵਿਖੇ ਐੱਨਡੀਪੀਐੱਸ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

## ਆਪ ਸਰਕਾਰ ਰਾਜ 'ਚ ਇਕ ਹੋਰ ਨੌਜਵਾਨ ਦਾ ਹੋਇਆ ਕਤਲ

• ਅਮ੍ਰਿਤਸਰ/ਵਿਰਦੀ

ਦੇਰ ਰਾਤ ਕਰੀਬ 12 ਵਜੇ ਇਥੋਂ ਦੀ ਗੁਨੋਵਾਲ ਰੋਡ ਉੱਪਰ ਸਥਿਤ ਸ਼ਮਸ਼ਾਨ ਘਾਟ ਸਾਹਮਣੇ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਰਾਮਸ਼ਰਨ ਉਰਫ ਬਾਬਾ ਜੰਡਿਆਲਾ ਗੁਰੂ ਸ਼ਮਸ਼ਾਨ ਘਾਟ ਦੇ ਸਾਹਮਣੇ ਗੁਨੋਵਾਲ ਰੋਡ ਦਾ ਰਹਿਣ ਵਾਲਾ ਸੀ ਉਸ ਦਾ ਬੀਤੀ ਰਾਤ ਕਰੀਬ 12 ਵਜੇ 5-6 ਨਕਾਬਪੋਸ਼ ਅਣਪਛਾਤਿਆਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।



ਮ੍ਰਿਤਕ ਦੇ ਬੇਟੇ ਗਗਨਦੀਪ ਸਿੰਘ ਨੇ ਦੱਸਿਆ ਦੇਰ ਰਾਤ ਉਸ ਦਾ ਪਿਤਾ ਰਾਮਸ਼ਰਨ ਉਰਫ ਬਾਬਾ ਆਪਣੀ ਕਾਰ ਐੱਚਅਰ 02 ਪੀ 2842 'ਤੇ ਉਸ ਦੀ ਛੋਟੀ ਭੈਣ ਨਾਲ ਘਰ ਆਇਆ। ਉਸ ਨੇ ਦੱਸਿਆ ਜਦੋਂ ਉਹ ਆਪਣੇ ਘਰ ਦੇ ਬਾਹਰ ਪਹੁੰਚਿਆ ਤਾਂ ਪਿੰਡ ਗੁਨੋਵਾਲ ਵਾਲੇ ਪਾਸਿਓਂ ਦੋ ਮੋਟਰਸਾਈਕਲਾਂ 'ਤੇ ਸਵਾਰ ਪੰਜ-ਛੇ ਅਣਪਛਾਤੇ ਵਿਅਕਤੀ ਆਏ, ਜਿਨਾਂ ਦੇ ਮੂੰਹ ਢੱਕੇ ਹੋਏ ਸਨ, ਨੇ ਆਉਂਦਿਆ ਹੀ ਕਾਰ ਉੱਪਰ ਗੋਲੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।ਉਸ ਦੇ ਪਿਤਾ ਦੇ ਕਰੀਬ ਪੰਜ ਛੇ ਗੋਲੀਆਂ ਵੱਜੀਆਂ ਅਤੇ ਉਹ ਜ਼ਖਮੀ ਹੋ ਗਿਆ। ਮ੍ਰਿਤਕ ਦੇ ਬੇਟੇ ਨੇ ਹਮਲਾਵਰਾਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਉਸ ਉਪਰ ਵੀ ਦੋ ਫਾਇਰ ਕੀਤੇ ਪਰ ਉਹ ਬਚ ਗਿਆ। ਗੋਲੀਆਂ ਚਲਾਉਣ ਉਪਰੰਤ ਅਣਪਛਾਤੇ ਵੱਖ-ਵੱਖ ਦਿਸ਼ਾਵਾਂ ਵੱਲ ਫ਼ਰਾਰ ਹੋ ਗਏ। ਗਗਨਦੀਪ ਨੇ ਦੱਸਿਆ ਉਨ੍ਹਾਂ ਵੱਲੋਂ ਤੁਰੰਤ ਜ਼ਖ਼ਮੀ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਇਸ ਸਬੰਧੀ ਡੀਐੱਸਪੀ ਜੰਡਿਆਲਾ ਗੁਰੂ ਸੁੱਚਾ ਸਿੰਘ ਨੇ ਕਿਹਾ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਕਾਤਲਾਂ ਨੂੰ ਕਾਬੂ ਕਰ ਲਿਆ ਜਾਵੇਗਾ।

## ਕਿਸਾਨਾਂ ਨੇ ਵਿਧਾਇਕਾਂ ਦੇ ਦਫਤਰਾਂ ਬਾਹਰ ਦਿੱਤਾ ਧਰਨਾ

• ਚੰਡੀਗੜ੍ਹ/ਵਿਨੋਦ ਸ਼ਰਮਾ

ਪੰਜਾਬ ਵਿਚ ਆਏ ਹੜ੍ਹਾਂ ਦੇ ਕਾਰਨ ਜਿੱਥੇ ਕਈ ਏਕੜ ਕਿਸਾਨਾਂ ਦੀਆਂ ਫ਼ਸਲਾਂ ਬਰਬਾਦ ਹੋ ਗਈਆਂ ਹਨ ਤੇ ਸਰਕਾਰ ਵਲੋਂ ਕੋਈ ਮਾਲੀ ਮਦਦ ਨਹੀਂ ਕੀਤੀ ਗਈ, ਦੇ ਚਲਦਿਆਂ ਕਿਸਾਨਾਂ ਵਿਚ ਭਾਰੀ ਰੋਸ ਪਇਆ ਜਾ ਰਿਹਾ ਹੈ ਤੇ ਅੱਜ ਇਨ੍ਹਾਂ ਬਰਬਾਦ ਹੋਈਆਂ ਫ਼ੈਸਲਾ ਦੇ ਮੁਆਵਜ਼ੇ ਸੰਬੰਧੀ ਵੱਖ-ਵੱਖ ਕਿਸਾਨ ਯੂਨੀਅਨ ਵਲੋਂ ਗੁਰੂਹਰਸਹਾਏ ਹਲਕੇ ਦੇ ਵਿਧਾਇਕ ਤੇ ਸਾਬਕਾ ਕੈਬਿਨੇਟ ਮੰਤਰੀ ਫੌਜਾ ਸਿੰਘ ਸਰਾਰੀ ਨੂੰ ਮੰਗ ਪੱਤਰ ਦੇਣਾ ਸੀ ਤੇ ਜਦ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂ ਫੌਜਾ ਸਿੰਘ ਸਰਾਰੀ ਨੂੰ ਉਨ੍ਹਾਂ ਦੇ ਦਫ਼ਤਰ ਵਿਚ ਮੰਗ ਪੱਤਰ ਦੇਣ ਲਈ ਪੁੱਜੇ ਤਾਂ ਵਿਧਾਇਕ ਦਫ਼ਤਰ ਵਿਚ ਮੌਜੂਦ ਨਹੀਂ ਸੀ, ਜਿਸ ਤੋਂ ਬਾਦ ਗੁੱਸੇ ਵਿਚ ਆਏ ਕਿਸਾਨ ਜਥੇਬੰਦੀਆਂ ਵਲੋਂ ਦਫ਼ਤਰ ਦੇ ਬਾਹਰ ਧਰਨਾ ਲਾ ਦਿੱਤਾ ਤੇ ਨਾਅਰੇਬਾਜੀ ਸ਼ੁਰੂ ਕਰ ਦਿੱਤੀ। ਉਨ੍ਹਾਂ ਕਿਹਾ ਕਿ ਉਹ ਆਪਣਾ ਮੰਗ ਪੱਤਰ ਵਿਧਾਇਕ ਤੋਂ ਇਲਾਵਾ ਹੋਰ ਕਿਸੇ ਨੂੰ ਨਹੀਂ ਦੇਣਗੇ।


कबीरा जब तुम आए जगत में, जग हंसा तुम रोए । ऐसी करनी कर चलो, तुम हंसो जग रोए ।।

रस्म किरया



श्री रजिन्द्र कुमार भंडारी

आप सभी को अति दुःखी हृदय के साथ सूचित किया जाता है कि हमारे परम् पूजनीय पिता जी श्री रजिन्द्र कुमार भंडारी जी इस भूलोक को छोड़कर परमात्मा के चरणों में जा विराजे हैं।

उनकी मधुर स्मृति, स्नेह, आदर्श मार्ग, दर्शन एवं आशीर्वाद हमारे लिए प्रेरणा स्रोत रहेंगे

उनके आत्मिक शांति हेतु रखे गए गरुड़ पुराण पाठ का भोग व् प्रार्थना सभा दिनांक 23 अगस्त 2023 दिन बुधवार दोपहर 01 बजे से 02 बजे तक, श्री महा लक्ष्मी नारायण मन्दिर, जेल रोड, जालन्धर में होगी।

शोकग्रस्त

Bhandari Family
Bhole Bhandari & Sons, Maqsudan
Bhole Bhandari Vegetable Suppliers
New AAJ TAK Channel
(M) : 99881-66233
(M) : 9888150627

Sanjeev & Kavita Bhandari
Tarun & Sabia Bhandari
Anjali Bhandari
Hitansh
Prisha

Resi : 198-Sangat Singh Nagar, Jalandhar



JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA



ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਜਗਤਪੁਰ ਟਾਂਡਾ ਨਜ਼ਦੀਕ ਧੁੱਸੀ ਬੰਨ ਵਿੱਚ ਪਏ ਪਾੜ ਨੂੰ ਭਰਨ ਦਾ ਕੰਮ ਜੰਗੀ ਪੱਧਰ 'ਤੇ ਜਾਰੀ



• ਗੁਰਦਾਸਪੁਰ-ਨਵਨੀਤ ਕੁਮਾਰ

ਪਿੰਡ ਜਗਤਪੁਰ ਟਾਂਡਾ ਦੇ ਨਜ਼ਦੀਕ ਧੁੱਸੀ ਬੰਨ ਵਿੱਚ ਕਰੀਬ 250 ਫੁੱਟ ਪਏ ਪਾੜ ਨੂੰ ਭਰਨ ਦਾ ਕੰਮ ਦਿਨ-ਰਾਤ ਜੰਗੀ ਪੱਧਰ ਤੇ ਜਾਰੀ ਹੈ। ਇਸ ਪਾੜ ਨੂੰ ਭਰਨ ਵਿੱਚ ਜਿਥੇ ਜ਼ਿਲ੍ਹਾ ਪ੍ਰਸ਼ਾਸਨ ਦੇ ਵੱਖ-ਵੱਖ ਵਿਭਾਗ ਲੱਗੇ ਹੋਏ ਹਨ ਓਥੇ ਇਲਾਕੇ ਦੀਆਂ ਸੰਗਤਾਂ ਵੱਲੋਂ ਵੀ ਮੋਹਰੀ ਹੋ ਕੇ ਆਪਣਾ ਹਿੱਸਾ ਪਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਦਰਿਆ ਬਿਆਸ ਵਿੱਚ ਪਾਣੀ ਦਾ ਪੱਧਰ ਵੱਧਣ ਤੋਂ ਬਾਅਦ 15 ਅਗਸਤ ਨੂੰ ਪਿੰਡ ਜਗਤਪੁਰ ਟਾਂਡਾ ਦੇ ਨਜ਼ਦੀਕ ਧੁੱਸੀ ਬੰਨ ਵਿੱਚ ਇਹ ਵੱਡਾ ਪਾੜ ਪਿਆ ਸੀ ਜੋ ਵੱਧ ਕੇ 250 ਫੁੱਟ ਦੇ ਕਰੀਬ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਸ ਦਿਨ ਤੋਂ ਹੀ ਬੰਨ ਦੇ ਇਸ ਪਾੜ ਨੂੰ ਭਰਨ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਇਸ ਵਿੱਚ ਸਭ ਤੋਂ ਵੱਡਾ ਸਹਿਯੋਗ ਇਲਾਕੇ ਦੀਆਂ ਸੰਗਤਾਂ ਵੱਲੋਂ ਦਿੱਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਧੁੱਸੀ ਬੰਨ ਦੇ ਪਾੜ ਨੂੰ ਭਰਨ ਦਾ ਕੰਮ ਦਿਨ-ਰਾਤ ਚੱਲ ਰਿਹਾ ਹੈ ਅਤੇ ਕਰੀਬ 160 ਫੁੱਟ ਪਾੜ ਨੂੰ ਭਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਧੁੱਸੀ ਬੰਨ ਦੇ ਪਾੜ ਨੂੰ ਭਰਨ ਦਾ ਕੰਮ ਦੋਵੇਂ ਪਾਸਿਆਂ ਤੋਂ ਚੱਲ ਰਿਹਾ ਹੈ ਅਤੇ ਕਰੀਬ 90 ਫੁੱਟ ਪਾੜ ਹੀ ਭਰਨ ਵਾਲਾ ਬਾਕੀ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਪਾੜ ਦਾ ਵਿਚਕਾਰਲਾ ਹਿੱਸਾ ਹੈ ਅਤੇ ਇਥੇ ਪਾੜ ਦੀ ਡੂੰਘਾਈ ਕਰੀਬ 30 ਫੁੱਟ ਦੇ ਆਸ-ਪਾਸ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜਦੋਂ ਧੁੱਸੀ ਬੰਨ ਦੇ ਇਸ ਪਾੜ ਨੂੰ ਭਰਨਾ ਸ਼ੁਰੂ ਕੀਤਾ ਸੀ ਤਾਂ ਉਸ ਸਮੇਂ ਕੁਝ ਵਿਅਕਤੀਆਂ ਦਾ ਕਹਿਣਾ ਸੀ ਕਿ ਇਸ ਪਾੜ ਨੂੰ ਭਰਨ ਵਿੱਚ ਘੱਟੋ-ਘੱਟ 20 ਦਿਨ ਲੱਗਣਗੇ। ਪਰ ਸੰਗਤ ਦੀ ਅਣਥੱਕ ਸੇਵਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਮੁਲਾਜ਼ਮਾਂ ਦੇ ਹਾਰ ਨਾ ਮੰਨਣ ਵਾਲੇ ਹੌਂਸਲੇ ਨੇ ਨਾਮੁਮਕਿਨ ਨੂੰ ਮੁਮਕਿਨ ਕਰ ਦਿੱਤਾ ਹੈ। ਉਨ੍ਹਾਂ ਕਿਹਾ ਜ਼ਿਲ੍ਹਾ ਪ੍ਰਸ਼ਾਸਨ ਦੀ ਪੂਰੀ ਕੋਸ਼ਿਸ਼ ਹੈ ਕਿ ਕੱਲ ਸਵੇਰ ਤੱਕ ਇਸ ਪਾੜ ਨੂੰ ਭਰ ਲਿਆ ਜਾਵੇ। ਉਨ੍ਹਾਂ ਧੁੱਸੀ ਬੰਨ ਦੇ ਪਾੜ ਨੂੰ ਭਰਨ ਵਿੱਚ ਲੱਗੇ ਹੋਏ ਹਰ ਵਿਅਕਤੀ ਦਾ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਧੰਨਵਾਦ ਕੀਤਾ ਹੈ।

- ਜ਼ਿਲ੍ਹਾ ਪ੍ਰਸ਼ਾਸਨ ਨੇ ਸੰਗਤਾਂ ਦੇ ਸਹਿਯੋਗ ਨਾਲ 250 ਫੁੱਟ ਪਾੜ ਵਿਚੋਂ 160 ਫੁੱਟ ਪਾੜ ਨੂੰ ਭਰਨ ਵਿੱਚ ਕਾਮਯਾਬੀ ਹਾਸਲ ਕੀਤੀ
- 90 ਫੁੱਟ ਪਾੜ ਕੱਲ ਸਵੇਰ ਤੱਕ ਭਰਨ ਦੀ ਉਮੀਦ
- ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਮੁਲਾਜ਼ਮਾਂ ਅਤੇ ਸੰਗਤਾਂ ਦਾ ਧੰਨਵਾਦ

# ਹੜ੍ਹਾਂ ਤੋਂ ਪ੍ਰਭਾਵਿਤ ਹੋਏ ਕਿਸਾਨਾਂ ਨੂੰ ਮੁੱਖ ਮੰਤਰੀ ਨੇ ਅਜੇ ਤੱਕ ਫੁੱਟੀ ਕੋਡੀ ਵੀ ਨਹੀਂ ਦਿੱਤੀ : ਪ੍ਰੋਫੈਸਰ ਚੰਦੂਮਾਜਰਾ



• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਪੂਰੇ ਪੰਜਾਬ ਅੰਦਰ ਹੜਾਂ ਤੋਂ ਪ੍ਰਭਾਵਿਤ ਹੋਣ ਵਾਲੇ ਕਿਸਾਨਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅਜੇ ਤੱਕ ਫੁੱਟੀ ਕੋਡੀ ਵੀ ਨਹੀਂ ਦਿੱਤੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਸਾਂਸਦ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਅੱਜ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇ ਪ੍ਰੋਫੈਸਰ ਚੰਦੂਮਾਜਰਾ ਨੇ ਕਿਹਾ ਕਿ ਵੱਡੇ ਵੱਡੇ ਬਿਆਨ ਦਾਗਣ ਵਾਲਾ ਮੁਖ ਮੰਤਰੀ ਜ਼ਮੀਨੀ ਤੌਰ ਤੇ ਪੀੜਤ ਕਿਸਾਨਾਂ ਦੀ ਬਾਂਹ ਫੜਨ ਦੀ ਬਜਾਏ ਫੋਟੋ ਛੂਟ ਵਿੱਚ ਰੁੱਝਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਪਹਿਲਾਂ ਤਾਂ ਇਹ ਬਿਆਨ ਦਿੰਦੇ ਸੀ ਕਿ ਉਹ ਕੇਂਦਰ ਤੋਂ ਕਿਸੇ ਵੀ ਭੀਖ ਨਹੀਂ ਮੰਗਣਗੇ ਕਿਉਂਕਿ ਉਨ੍ਹਾਂ ਕੋਲ ਵਾਧੂ ਪੈਸਾ ਹੈ ਪਰ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਨੂੰ ਹੁਣ ਤੱਕ ਇੱਕ ਰੁਪਏ ਰਾਹਤ ਰਾਸ਼ੀ ਜਾਰੀ ਨਹੀਂ ਕੀਤੀ ਗਈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਮਾਨ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਸਰਕਾਰ ਦੇ ਖਜ਼ਾਨੇ ਖਾਲੀ ਹਨ। ਇਸ ਮੌਕੇ ਪ੍ਰੋਫੈਸਰ ਚੰਦੂਮਾਜਰਾ ਨੇ ਸ੍ਰੀ ਅਨੰਦਪੁਰ ਸਾਹਿਬ ਇਲਾਕੇ ਅੰਦਰ ਹੋ ਰਹੀ ਗੈਰ ਕਾਨੂੰਨੀ ਮਾਈਨਿੰਗ ਨੂੰ ਲੈ ਕੇ ਸੂਬਾ ਸਰਕਾਰ ਤੇ ਤੰਜ ਕੱਸਦਿਆ ਕਿਹਾ ਕਿ ਇੱਕ ਪਾਸੇ ਤਾਂ ਲੋਕ ਹੜ੍ਹਾਂ ਨਾਲ ਬੇਹਾਲ ਹਨ ਅਤੇ ਦੂਜੇ ਪਾਸੇ ਮਾਈਨਿੰਗ ਮਾਫੀਆਂ ਵੱਲੋਂ ਇਸ ਕਰੋਪੀ ਦਾ ਫਾਇਦਾ ਲੈ ਕੇ ਮਾਈਨਿੰਗ ਕੀਤੀ ਜਾ ਰਹੀ ਹੈ ਜਿਸ ਨੂੰ ਲੈ ਕੇ ਸਰਕਾਰ ਅਤੇ ਪ੍ਰਸ਼ਾਸਨ ਬੇਧਿਆਨ ਹੋਏ ਬੈਠਾ ਹੈ। ਇਸ ਮੌਕੇ ਉਨ੍ਹਾਂ ਨਾਲ ਸਰਕਲ ਪ੍ਰਧਾਨ ਸੁਰਿੰਦਰ ਸਿੰਘ ਮਟੋਰ, ਸਾਬਕਾ ਕੌਂਸਲਰ ਇੰਦਰਜੀਤ ਸਿੰਘ ਬੇਦੀ, ਰਾਮ ਆਸਰਾ ਸਿੰਘ, ਕਿਸ਼ੋਰ ਸਿੰਘ ਬੰਗੜ ਆਦਿ ਅਕਾਲੀ ਆਗੂ ਹਾਜਰ ਸਨ।

# ਸਮਾਰਟ ਫੋਨ ਦੀ ਲਤ ਛੋਟੇ ਬੱਚਿਆ ਨੂੰ ਕਰ ਰਹੀ ਮਾਨਸਿਕ ਤੌਰ ਤੇ ਕਮਜੋਰ

•ਬਲਾਚੌਰ /ਜਤਿੰਦਰਪਾਲ ਸਿੰਘ ਕਲੇਰ

ਅੱਜ ਕੱਲ ਆਮ ਹੀ ਦੇਖਣ ਨੂੰ ਮਿਲ ਜਾਵੇਗਾ ਕਿ ਜਦ ਬੱਚੇ ਸਹੀ ਢੰਗ ਨਾਲ ਖਾਣਾ ਨਹੀ ਖਾਦੇ ਤੇ ਰੋਦੇ ਹਨ ਤਾਂ ਮਾਪੇ ਉਦੋ ਉਨਾਂ ਨੂੰ ਮੋਬਾਇਲ ਫੋਨ ਦਾ ਲਾਲਚ ਦਿੰਦੇ ਹਨ ਜਾਂ ਫਿਰ ਟੀਵੀ ਤੇ ਕਾਰਟੂਨ ਲਗਾ ਕੇ ਬਿਠਾ ਦਿੰਦੇ ਹਨ, ਖਾਸਤੌਰ ਤੇ ਦੋ ਤੋ ਤਿੰਨ ਸਾਲ ਤੱਕ ਬੱਚਿਆ ਨੂੰ ਮਾਪੇ ਪਿਆਰ ਨਾਲ ਸਮਝਾਉਣ ਦੀ ਬਜਾਏ ਉਨ੍ਹਾਂ ਨੂੰ ਮੌਬਾਈਲ ਦਾ ਲਾਲਚ ਦੇਣ ਵਾਲਾ ਰਸਤਾ ਸਹੀ ਲੱਗਦਾ ਹੈ, ਲੇਕਿਨ ਮਾਪਿਆ ਦੀ ਇਹੀ ਆਦਤ ਹੁਣ ਬੱਚਿਆ ਦੇ ਮਾਨਸਿਕ ਸਿਹਤ ਤੇ ਸ਼ਰੀਰਿਕ ਵਿਕਾਸ ਤੇ ਬੁਰਾ ਅਸਰ ਪਾ ਰਹੀ ਹਾ ਇਸ ਨੂੰ ਵਚੂਅਲ ਆਟਿਜਮ ਕਹਿੰਦੇ ਹਨ, ਬੱਚਿਆ ਦੇ ਰੋਗਾ ਦੇ ਮਾਹਿਰ ਡਾਕਟਰ ਕੋਲ ਅਜਿਹੇ ਵਚੂਅਲ ਆਟਿਜਮ ਨਾਲ ਪੀੜਿਤ ਬੱਚੇ ਕਾਫੀ ਵੱਡੀ ਸੰਖਿਆ ਵਿੱਚ ਮਿਲ ਜਾਣਗੇ, ਬੱਚਿਆ ਦਾ ਸੁਭਾਅ ਬਦਲ ਜਾਦਾ ਉਹ ਆਪਣੇ ਮਾਤਾ ਪਿਤਾ , ਭੈਣ , ਭਰਾ , ਰਿਸ਼ਤੇਦਾਰਾਂ ਨਾਲ ਗੱਲ ਕਰਨੇ ਦੀ ਬਜਾਏ ਫੋਨ ਤੇ ਲੱਗੇ ਰਹਿੰਦੇ ਜਿਆਦਾਤਰ ਪਸੰਦ ਕਰਦੇ ਹਨ, ਉਹ ਆਪਣੇ ਮਾਪਿਆਂ ਦੀਆਂ ਗੱਲਾਂ ਨੂੰ ਅਣਸੁਣੀਆ ਕਰ ਦਿੰਦੇ ਹਨ।



ਕੀ ਹੈ ਵਚੂਅਲ ਆਟਿਜਮ

ਮੋਬਾਇਲ ਫੋਨ ਟੀਵੀ ਤੇ ਕੰਪਿਊਟਰ ਵਰਗੇ ਇਲੈਕਟੋਨਿਕ ਗੈਜੇਟ?ਰਸ ਦੀ ਲੱਤ ਦੇ ਕਾਰਨ ਹੁੰਦਾ ਹੈ, ਸਮਾਰਟਫੋਨ ਦਾ ਜਿਆਦਾ ਤੋ ਜਿਆਦਾ ਪ੍ਰਯੋਗ, ਲੈਪਟੋਪ ਅਤੇ ਟੀਵੀ ਤੇ ਜਿਆਦਾ ਸਮੇਂ ਬਿਤਾਉਣ ਨਾਲ ਬੱਚਿਆ ਨੂੰ ਬੋਲਣ ਦੀ ਦਿੱਕਤ ਅਤੇ ਸਮਾਜ ਵਿੱਚ ਦੂਸਰੇ ਲੋਕਾਂ ਦੇ ਨਾਲ ਗੱਲ ਕਰਨੇ ਵਿੱਚ ਪਰੇਸ਼ਾਨੀ ਮਹਿਸੂਸ ਹੋਣ ਲੱਗਦੀ ਹੈ,

ਵਚੂਅਲ ਆਟਿਜਮ ਨਾਲ ਬੱਚਿਆ ਨੂੰ ਇਸ ਤਰਾ ਬਚਾ ਸਕਦੇ ਹਾਂ ਤਿੰਨ ਸਾਲ ਦੀ ਉਮਰ ਤੱਕ ਦੇ ਬੱਚਿਆ ਨੂੰ ਸਕਰੀਨ ਤੋ ਦੂਰ ਰੱਖੋ, ਫਿਰ ਚਾਹੇ ਮੋਬਾਇਲ ਹੋਵੇ ਜਾ ਟੀਵੀ ਅੱਠ ਸਾਲ ਦੀ ਉਮਰ ਤੱਕ ਬੱਚਿਆ ਨੂੰ ਇਲੈਕਟ?ਰੋਨਿਕ ਗੈਜੇਟਸ ਨਹੀ ਦੇਣਾ ਚਾਹੀਦਾ, ਉਨਾ ਸਕਰੀਨ ਟਾਈਮ ਜੀਰੋ ਕਰਨੇ ਤੇ ਜੋਰ ਦੇਣਾ ਚਾਹੀਦਾ ਬੱਚਾ ਖਾਣਾ ਨਹੀ ਖਾਦਾ , ਤਾਂ ਉਸ ਨੂੰ ਪਿਆਰ ਨਾਲ ਖਿਲਾਉ ਜਿਵੇ ਪਹਿਲਾ ਪਰਿਵਾਰੰ ਵਿੱਚ ਬੱਚਿਆ ਨੂੰ ਖਿਲਾਇਆ ਜਾਦਾ ਸੀ ਅਗਰ ਉਹ ਰੋਦਾ ਹੈ ਤਾਂ ਉਸ ਨੂੰ ਚੁੱਪ ਕਰਵਾਉਣ ਦੇ ਲਈ ਕੁਝ ਅਲੱਗ ਕਰੋ, ਉਸਦਾ ਧਿਆਨ ਦੂਸਰੇ ਪਾਸੇ ਲਗਾਓ ਤਿੰਨ ਤੋ ਪੰਜ ਸਾਲ ਦੀ ਉਮਰ ਦਿਮਾਗ ਦੇ ਵਿਕਸਤ ਹੋਣ ਦੀ ਹੁੰਦੀ ਹੈ, ਇਸ ਉਮਰ ਵਿੱਚ ਬੱਤਿਆ ਦੇ ਨਾਲ ਜਿਆਦਾ ਤੋ ਜਿਆਦਾ ਗੱਲਬਾਤ ਕਰਨੀ ਚਾਹੀਦੀ ਬੱਚਿਆ ਨੂੰ ਕਹਾਣੀਆ ਤੇ ਲੋਰੀ ਸੁਣਾਉਣੀ ਚਾਹੀਦੀ, ਬੱਚਿਆ ਨੂੰ ਸ਼ਰੀਰਿਕ ਗਤੀਵਿਧੀ ਕਰਵਾਉਣੀ ਚਾਹੀਦੀ, ਜਿਸ ਨਾਲ ਉਨਾ ਦੀ ਉੱਗਲੀ ਫੜ ਕੇ ਚਲਾਉਣਾ ਆਦਿ ਬੱਚਿਆ ਨੂੰ ਆਉਟਡੋਰ ਐਕਟੀਵਿਟੀ ਕਰਵਾਉਣੀ ਚਾਹੀਦੀ ਜਿਵੇ ਕੀ ਖੇਡਣਾ ਚਾਹੀਦਾ ,

# ਪੁਲਿਸ ਵਲੋ ਹੀਰੋਇੰਨ ਕੀਤੀ ਬਰਾਮਦ

• ਸਹੀਦ ਭਗਤ ਸਿੰਘ ਨਗਰ

ਇਹ ਮੁਕੱਦਮਾ ਏ.ਐਸ.ਆਈ ਬਲਜਿੰਦਰ ਕੁਮਾਰ ਵੱਲੋ ਦਰਜ਼ ਰਜਿਸਟਰ ਕਰਵਾਇਆ ਗਿਆ ਕਿ ਏ.ਐਸ.ਆਈ ਅਮਰਜੀਤ ਸਿੰਘ ਐਟੀਨਾਰਕੋਟਿਕ ਸੈੱਲ ਨਵਾਸ਼ਹਿਰ ਸਮੇਤ ਪੁਲਿਸ ਪਾਰਟੀ ਦੇ ਗਸ਼ਤ ਬਾ ਚੈਕਿੰਗ ਸ਼ੱਕੀ ਪੁਰਸ਼ਾ ਦੇ ਸਬੰਧ ਵਿੱਚ ਨਵਾਸ਼ਹਿਰ ਚੰਡੀਗੜ ਚੌਕ ਨਵਾਸ਼ਹਿਰ ਤੋਂ ਗੜਸ਼ੰਕਰ ਰੋਡ ਬਾਈਪਾਸ ਸਾਈਡ ਨੂੰ ਜਾਰਿਹਾ ਸੀ ਜਦੋ ਪੁਲਿਸ ਪਾਰਟੀ ਟਾਹਲੀ ਸਾਹਿਬ ਗੁਰਦੁਆਰਾ ਸਾਹਿਬ ਤੋ ਥੋੜਾ 50 ਗਜ਼ ਪਿੱਛੇ ਸੀ ਸਾਹਮਣੇ ਇੱਕ ਮੋਟਰਸਾਈਕਲ ਸਪਲੈਂਡਰ ਨੰਬਰੀ PB 07 N 8124 ਪਰ ਦੋ ਮੌਨੇ ਨੌਜਵਾਨ ਵਿਅਕਤੀ ਆਉਦੇ ਦਿਖਾਈ ਦਿੱਤੇ। ਜੋ ਪੁਲਿਸ ਪਾਰਟੀ ਨੂ ਦੇਖ ਕੇ ਯੱਕਦਮ ਘਬਰਾ ਕੇ ਪਿੱਛੇ ਨੂੰ ਮੁੜਨ ਲੱਗੇ ਪਿਛਲੇ ਵਿਅਕਤੀ ਨੇ ਆਪਣੀ ਸੱਜੀ ਜੇਬ ਵਿੱਚੋ ਇੱਕਮੋਮੀ ਲਿਫਾਫਾ ਸੜਕ ਦੇ ਕਿਨਾਰੇ ਜ਼ਮੀਨ ਪਰ ਸੁੱਟ ਦਿੱਤਾ। ਜਿਸ ਤੇ ਏ.ਐਸ.ਆਈ ਅਮਰਜੀਤ ਸਿੰਘ ਨੇ ਸਾਥੀ ਕਰਮਚਾਰੀਆ ਦੀ ਮਦਦ ਨਾਲ ਮੋਟਰ ਸਾਈਕਲ ਸਵਾਰ ਵਿਅਕਤੀਆ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ।ਜਿਨ੍ਹਾ ਨੇ ਕ੍ਰਮਵਾਰ ਪੁੱਛਣ ਤੇ ਕ੍ਰਮਵਾਰ ਆਪਣਾ ਨਾਮ ਬਿਕਰਮਮ ਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਸਿੰਬਲੀ, ਥਾਣਾ ਗੜਸ਼ੰਕਰ,ਜਿਲ੍ਹਾ ਹੁਸ਼ਿਆਰਪੁਰ ਅਤੇ ਪ੍ਰਭਜੀਤ ਸਿੰਘ ਉਰਫ ਰੋਸੂ ਪੁੱਤਰ ਗੁਰਦਿਆਲ ਸਿੰਘ ਵਾਸੀ 156/02 ਮਕਬੂਲਪੁਰਾ, ਥਾਣਾ ਮਕਬੂਲਪੁਰਾ,ਜਿਲ੍ਹਾ ਅੰਮ੍ਰਿਤਸਰ ਦੱਸਿਆ। ਜਿਸ ਤੇ ਉਕਤਾਨ ਵਿਅਕਤੀ 3 ਵੱਲੋ ਸੁੱਟੇ ਮੋਮੀ ਲਿਫਾਫੇ ਵਿੱਚ ਹੈਰੋਇਨ ਨਸ਼ੀਲਾ ਪਦਾਰਥ ਜਾਪਦਾ ਹੋਣ ਤੇ ਏ.ਐਸ.ਆਈ ਅਮਰਜੀਤ ਸਿੰਘ ਨੇ ਕਾਰਵਾਈ ਲਈ ਮੌਕਾ ਪਰ ਸਮਰੱਥ ਅਧਿਕਾਰੀ ਭੇਜਣ ਲਈ ਲਿਖਤ ਲਿਖੀ। ਜਿਸ ਤੇ ਏ.ਐਸ.ਆਈ ਬਲਜਿੰਦਰ ਕੁਮਾਰ ਸਮੇਤ ਸਾਥੀ ਕਰਮਚਾਰੀਆ ਦੇ ਮੌਕਾ ਪਰ ਪੁੱਜ ਕੇ ਬਿਕਰਮਮਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਸਿੰਬਲੀ, ਥਾਣਾ ਗੜਸ਼ੰਕਰ, ਜਿਲ੍ਹਾ ਹੁਸ਼ਿਆਰਪੁਰ ਅਤੇ ਪ੍ਰਭਜੀਤ ਸਿੰਘ ਉਰਫ ਰੋਸੂ ਪੁੱਤਰ ਗੁਰਦਿਆਲ ਸਿਘ ਵਾਸੀ 156/02 ਮਕਬੂਲਪੁਰਾ,ਥਾਣਾ ਮਕਬੂਲਪੁਰਾ, ਜਿਲ੍ਹਾ ਅੰਮ੍ਰਿਤਸਰ ਵੱਲੋ ਸੁੱਟੇ ਮੋਮੀ ਲਿਫਾਫਾ ਵਿੱਚੋ ਹੈਰਇਨ ਬਰਾਮਦ ਹੋਣ ਤੇ ਮੁਕੱਦਮਾ ਦਰਜ਼ ਰਜਿਸਟਰ ਕਰਕੇ ਮੁੱਢਲੀ ਤਫਤੀਸ ਅਮਲ ਵਿੱਚ ਲਿਆਦੀ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਸਕੱਤਰ ਵੱਲੋਂ ਕੇਂਦਰੀ ਜੇਲ੍ਹ ਗੁਰਦਾਸਪੁਰ ਵਿਖੇ ਕੈਂਪ ਕੋਰਟ ਲਗਾਈ ਗਈ

• ਗੁਰਦਾਸਪੁਰ-ਨਵਨੀਤ ਕੁਮਾਰ



ਸ੍ਰੀ ਰਜਿੰਦਰ ਅਗਰਵਾਲ, ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ੍ਰੀ ਸੁਮਿਤ ਭੱਲਾ, ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐੱਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਵੱਲੋਂ ਅੱਜ ਕੇਂਦਰੀ ਜੇਲ੍ਹ ਗੁਰਦਾਸਪੁਰ ਵਿਖੇ ਕੈਂਪ ਕੋਰਟ ਲਗਾਈ ਗਈ। ਇਸ ਕੈਂਪ ਕੋਰਟ ਵਿੱਚ ਦੌਰਾਨ ਸ੍ਰੀ ਸੁਮਿਤ ਭੱਲਾ ਵੱਲੋਂ 6 ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਇਸ ਕੈਂਪ ਕੋਰਟ ਵਿੱਚ ਅਦਾਲਤਾਂ ਵਿੱਚ ਚੱਲ ਰਹੇ ਛੋਟੇ ਕੇਸਾਂ (ਪੈਟੀ ਓਫੈਂਸਿਸ) ਦਾ ਨਿਪਟਾਰਾ ਕੀਤਾ ਗਿਆ ਅਤੇ ਜੱਜ ਸਾਹਿਬ ਵੱਲੋਂ ਹਵਾਲਾਤੀਆਂ ਨੂੰ ਸੇਧ ਦਿੱਤੀ ਗਈ ਕਿ ਉਹ ਚੰਗਾ ਰੁਜ਼ਗਾਰ ਅਪਨਾਉਣ ਅਤੇ ਦੁਬਾਰਾ ਕੋਈ ਵੀ ਗੈਰ ਕਾਨੂੰਨੀ ਕੰਮ ਨਾ ਕਰਨ।

Website : www.lokbani.com
lokbani08@gmail.com

# ਡਿਪਸ ਸਕੂਲ ਵਿੱਚ ਵਿਸ਼ਵ ਫੋਟੋਗ੍ਰਾਫੀ ਦਿਵਸ ਮਨਾਇਆ




• ਜਲੰਧਰ

ਡਿਪਸ ਸਕੂਲ, ਭੋਗਪੁਰ ਵਿਖੇ ਵਿਸ਼ਵ ਫੋਟੋਗ੍ਰਾਫੀ ਦਿਵਸ ਮੌਕੇ ਬੱਚਿਆਂ ਨੇ ਬਹੁਤ ਹੀ ਸੁੰਦਰ ਪੋਸਟਰ ਬਣਾਏ, ਫੋਟੋਆਂ ਕਲਿੱਕ ਕੀਤੀਆਂ ਅਤੇ ਫੋਟੋਗ੍ਰਾਫੀ ਦੇ ਖੇਤਰ ਵਿੱਚ ਆ ਰਹੀਆਂ ਤਬਦੀਲੀਆਂ ਬਾਰੇ ਵੀ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਤਸਵੀਰ ਖਿੱਚਣ ਸਮੇਂ ਸਾਨੂੰ ਬਹੁਤ ਸਾਰੀਆਂ ਛੋਟੀਆਂ-ਛੋਟੀਆਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ ਜਿਵੇਂ ਕਿ ਰੋਸ਼ਨੀ, ਵਿਸ਼ਾ, ਕੋਣ ਅਤੇ ਸਭ ਤੋਂ ਮਹੱਤਵਪੂਰਨ ਇਹ ਕਿ ਉਹ ਕਿਹੜਾ ਸੰਦੇਸ਼ ਦੇਣਾ ਚਾਹੁੰਦੇ ਹਨ। ਫੋਟੋਗ੍ਰਾਫੀ ਤੁਹਾਡੇ ਮਨ ਦੀ ਸੋਚ 'ਤੇ ਨਿਰਭਰ ਕਰਦੀ ਹੈ ਕਿ ਇਹ ਸਾਹਮਣੇ ਦਿਖਾਈ ਦੇਣ ਵਾਲੀ ਵਸਤੂ ਦੀ ਵਰਤੋਂ ਕਿਵੇਂ ਕਰ ਰਿਹਾ ਹੈ।

ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਫੋਟੋ ਐਡੀਟਿੰਗ ਅਤੇ ਉਨ੍ਹਾਂ ਦੇ ਕੰਮ ਕਰਨ ਲਈ ਵੱਖ-ਵੱਖ ਤਰ੍ਹਾਂ ਦੇ ਸਾਫਟਵੇਅਰਾਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਐਡੀਟਿੰਗ ਦੀ ਮਦਦ ਨਾਲ ਤੁਸੀਂ ਆਪਣੀ ਫੋਟੋ ਨੂੰ ਹੋਰ ਵੀ ਖੂਬਸੂਰਤ ਬਣਾ ਸਕਦੇ ਹੋ। ਪ੍ਰਿੰਸੀਪਲ ਗੁਰਵੀਨ ਕੌਰ ਨੇ ਵਿਦਿਆਰਥੀਆਂ ਨੂੰ ਚੰਗੀਆਂ ਫੋਟੋਆਂ ਕਲਿੱਕ ਕਰਨ ਦੇ ਟਿਪਸ ਦਿੱਤੇ। ਉਨ੍ਹਾਂ ਦੱਸਿਆ ਕਿ ਚੰਗੀਆਂ ਫੋਟੋਆਂ ਲਈ ਹਰ ਸਮੇਂ ਮਹਿੰਗੇ ਕੈਮਰਿਆਂ ਦੀ ਲੋੜ ਨਹੀਂ ਹੁੰਦੀ, ਤੁਹਾਡੇ ਕੋਲ ਸਿਰਫ ਇੱਕ ਦ੍ਰਿਸ਼ਟੀ ਹੋਣੀ ਚਾਹੀਦੀ ਹੈ। ਡਿਪਸ ਚੇਨ ਦੀ ਸੀਈਓ ਮੋਨਿਕਾ ਮੰਡੋਤਰਾ ਨੇ ਕਿਹਾ ਕਿ ਵਿਸ਼ਵ ਫੋਟੋਗ੍ਰਾਫੀ ਦਿਵਸ ਉਨ੍ਹਾਂ ਫੋਟੋਗ੍ਰਾਫਰਾਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਆਪਣੀ ਕਲਾ ਰਾਹੀਂ ਦੁਨੀਆ ਨੂੰ ਖੂਬਸੂਰਤ ਤਸਵੀਰਾਂ ਵਿੱਚ ਕੈਦ ਕੀਤਾ। ਅੱਜ ਦੇ ਸਮੇਂ ਵਿੱਚ ਫੋਟੋਆਂ ਖਿੱਚਣਾ ਬਹੁਤ ਆਸਾਨ ਹੋ ਗਿਆ ਹੈ, ਕੈਮਰੇ ਹਰ ਕਿਸੇ ਦੀ ਜੇਬ ਵਿੱਚ ਉਪਲਬਧ ਹਨ। ਤੁਸੀਂ ਆਪਣੇ ਹਰ ਪਲ ਨੂੰ ਪ੍ਰਿੰਟ ਅਤੇ ਡਿਜੀਟਲ ਤਰੀਕੇ ਨਾਲ ਰੱਖ ਸਕਦੇ ਹੋ। ਉਨ੍ਹਾਂ ਦੱਸਿਆ ਕਿ ਫੋਟੋ ਕਲਿੱਕ ਕਰਨਾ ਬਹੁਤ ਵਧੀਆ ਹੁਨਰ ਹੈ, ਵਿਦਿਆਰਥੀ ਇਸ ਵਿੱਚ ਅੱਗੇ ਵੱਧ ਕੇ ਆਪਣਾ ਕਰੀਅਰ ਬਣਾ ਸਕਦੇ ਹਨ।

# ਗਰਮ ਰੁੱਤ ਜਿਲ੍ਹਾ ਪੱਧਰੀ ਸਕੂਲ ਖੇਡਾਂ ਸ਼ੁਰੂ




## ■ ਵਾਲੀਬਾਲ ਅੰਡਰ 14,17 ਤੇ 19 ਸਾਲ 'ਚ ਬਡਬਰ ਸਕੂਲ ਦੀਆਂ ਕੁੜੀਆਂ ਦੀ ਝੰਡੀ

• ਬਰਨਾਲਾ

67ਵੀਆਂ ਪੰਜਾਬ ਸਕੂਲ ਖੇਡਾਂ ਤਹਿਤ ਅੱਜ ਜਿਲ੍ਹਾ ਬਰਨਾਲਾ ਦੀਆਂ ਗਰਮ ਰੁੱਤ ਜਿਲ੍ਹਾ ਪੱਧਰੀ ਖੇਡਾਂ ਜਿਲ੍ਹੇ ਦੇ ਵੱਖ-ਵੱਖ ਸਕੂਲਾਂ ਵਿੱਚ ਸ਼ੁਰੂ ਹੋ ਗਈਆਂ ਹਨ। ਇਹਨਾਂ ਖੇਡਾਂ ਦੀ ਸ਼ੁਰੂਆਤ ਜਿਲ੍ਹਾ ਸਿੱਖਿਆ ਅਫਸਰ ਬਰਨਾਲਾ ਸ਼ਮਸ਼ੇਰ ਸਿੰਘ ਨੇ ਬਡਬਰ ਵਿਖੇ ਲੜਕੀਆਂ ਦੇ ਵਾਲੀਬਾਲ ਮੁਕਾਬਲੇ ਸ਼ੁਰੂ ਕਰਵਾ ਕੇ ਕੀਤੀ। ਉਹਨਾਂ ਨੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਖੇਡਾਂ ਦੀ ਜਿੱਥੇ ਸਰੀਰਕ ਤੰਦਰੁਸਤੀ ਬਣਾਈ ਰੱਖਣ ਲਈ ਜਰੂਰੀ ਹਨ, ਉੱਥੇ ਵਿਅਕਤੀ ਦੀ ਸਖਸ਼ੀਅਤ ਨੂੰ ਨਿਖਾਰਨ ਵਿੱਚ ਵੀ ਬੜਾ ਵੱਡਾ ਰੋਲ ਅਦਾ ਕਰਦੀਆਂ ਹਨ। ਉਹਨਾਂ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਆ। ਡੀ.ਐਮ.ਸਪੋਰਟਸ ਬਰਨਾਲਾ ਸਿਮਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਅੱਜ ਹੋਏ ਲੜਕੀਆਂ ਦੇ ਅੰਡਰ 14 ਸਾਲ ਸਸਸ ਸਕੂਲ ਬਡਬਰ ਨੇ ਪਹਿਲਾ, ਸਰਕਾਰੀ ਹਾਈ ਸਕੂਲ ਅਸਪਾਲ ਨੇ ਦੂਜਾ ਅੰਡਰ 17 ਸਾਲ ਵਿੱਚ ਸਸਸ ਸਕੂਲ ਬਡਬਰ ਨੇ ਪਹਿਲਾ, ਸਸਸ ਸਕੂਲ ਪੱਖੋ ਕਲਾਂ ਨੇ ਦੂਜਾ, ਅੰਡਰ 19 ਸਾਲ ਵਿੱਚ ਸਸਸ ਸਕੂਲ ਬਡਬਰ ਨੇ ਪਹਿਲਾ, ਸਸਸ ਸਕੂਲ ਪੱਖੋ ਕਲਾਂ ਨੇ ਦੂਜਾ ਸਥਾਨ ਹਾਸਲ ਕੀਤਾ ਹੈ। ਲੜਕੀਆਂ ਦੇ ਸਕੇਟਿੰਗ 500 ਮੀਟਰ ਕੁਆਰਡ ਈਵੈਂਟ ਦੇ ਅੰਡਰ 14 ਸਾਲ 'ਚ ਬੀ.ਬੀ.ਐਮ. ਬਰਨਾਲਾ, ਵਾਈ.ਐਸ.ਹੰਡਿਆਇਆ, ਅੰਡਰ 17 ਸਾਲ 'ਚ ਜੀ.ਐਸ. ਸਕੂਲ ਧੌਲਾ, ਸਸਸ ਸਕੂਲ ਰੂੜੇਕੇ ਕਲਾਂ, ਅੰਡਰ 19 ਸਾਲ ਵਿੱਚ ਸਸਸ ਸਕੂਲ ਰੂੜੇਕੇ ਕਲਾਂ ਤੇ ਜਿਪਸ ਭਦੌੜ ਨੇ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਲ ਕੀਤਾ ਹੈ। ਨੈੱਟਬਾਲ ਅੰਡਰ 14 ਸਾਲ ਲੜਕੀਆਂ 'ਚ ਵਾਈ.ਐਸ. ਹੰਡਿਆਇਆ ਤੇ ਸਸਸ ਸਕੂਲ ਮੌੜਾਂ ਦੀਆਂ ਟੀਮਾਂ ਫਾਈਨਲ ਵਿੱਚ ਪਹੁੰਚੀਆਂ ਹਨ। ਅੰਡਰ 17 ਸਾਲ 'ਚ ਮਾਤਾ ਗੁਜ਼ਰੀ ਸਕੂਲ, ਸਸਸ ਸਕੂਲ ਮੌੜਾਂ, ਸੈਕਰਡ ਹਾਰਟ ਸਕੂਲ ਬਰਨਾਲਾ ਅਤੇ ਵਾਈ.ਐਸ. ਸਕੂਲ ਹੰਡਿਆਇਆ ਦੀਆਂ ਟੀਮਾਂ ਆਪਣੇ ਆਪਣੇ ਮੈਚ ਜਿੱਤ ਕੇ ਅਗਲੇ ਗੇੜ ਵਿੱਚ ਪਹੁੰਚ ਗਈਆਂ ਹਨ। ਇਸ ਮੌਕੇ ਪ੍ਰਿੰਸੀਪਲ ਜਸਵੀਰ ਸਿੰਘ, ਸਰਪੰਚ ਮਨਦੀਪ ਸਿੰਘ, ਪਰਵਿੰਦਰ ਸਿੰਘ, ਹਰਦੇਵ ਸਿੰਘ, ਬਲਵਿੰਦਰ ਸਿੰਘ, ਪਰਮਿੰਦਰ ਸਿੰਘ, ਗੁਰਮੁਖ ਸਿੰਘ, ਅਜੈ ਨਾਗਰ ਵਾਲੀਬਾਲ ਕੋਚ, ਪਰਮਜੀਤ ਕੌਰ, ਮਲਕੀਤ ਸਿੰਘ, ਮਨਜੀਤ ਸਿੰਘ, ਗਰਜੀਤ ਸਿੰਘ, ਗੁਰਦੀਪ ਸਿੰਘ ਬੁਰਜਹਰੀ, ਇੰਦਰਜੀਤ ਸਿੰਘ, ਹਰਮੇਲ ਸਿੰਘ, ਰਾਜਿੰਦਰ ਸਿੰਘ, ਅਮਨਦੀਪ ਕੌਰ, ਰਵਿੰਦਰ ਕੌਰ, ਮਨਦੀਪ ਕੌਰ, ਜਸਪ੍ਰੀਤ ਸਿੰਘ, ਹਰਜੀਤ ਸਿੰਘ ਜੋਗਾ, ਕਮਲਦੀਪ ਸ਼ਰਮਾ ਸਮੇਤ ਵੱਖ-ਵੱਖ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ ਤੇ ਖਿਡਾਰੀ ਮੌਜੂਦ ਸਨ।

# ਜ਼ੀ ਪੰਜਾਬੀ 'ਤੇ 'ਅਸ਼ਕੇ' ਦਾ ਪ੍ਰੀਮੀਅਰ : ਅਮਰਿੰਦਰ ਗਿੱਲ ਦੁਆਰਾ ਇੱਕ ਸੰਗੀਤਕ ਖੁਸ਼ੀ

• ਚੰਡੀਗੜ੍ਹ




ਇੱਕ ਰੋਮਾਂਚਕ ਸਿਨੇਮੈਟਿਕ ਅਨੁਭਵ ਲਈ ਹੋ ਜਾਓ ਤਿਆਰ , ਸਭ ਤੋਂ ਵੱਧ ਉਡੀਕੀ ਜਾਣ ਵਾਲੀ ਅਦਾਕਾਰ ਅਮਰਿੰਦਰ ਗਿੱਲ ਦੀ ਪੰਜਾਬੀ ਫ਼ਿਲਮ 'ਅਸ਼ਕੇ' ਕੱਲ ਦੁਪਹਿਰ 1 ਵਜੇ ਜ਼ੀ ਪੰਜਾਬੀ 'ਤੇ ਦਿਖਾਈ ਜਾ ਰਹੀ ਹੈ ਸੰਗੀਤ, ਭਾਵਨਾਵਾਂ ਅਤੇ ਸੱਭਿਆਚਾਰ ਦਾ ਇੱਕ ਮਨਮੋਹਕ ਸੁਮੇਲ ਫ਼ਿਲਮ 'ਅਸ਼ਕੇ' ਵਿਚ ਦੇਖਣ ਨੂੰ ਮਿਲੇਗਾ , ਨਾਚ, ਡਰਾਮੇ, ਅਤੇ ਦਿਲਕਸ਼ ਪਲਾਂ ਰਾਹੀਂ ਇਸਦੇ ਪਾਤਰਾਂ ਦੀ ਯਾਤਰਾ ਨੂੰ ਦਰਸਾਵੇਗੀ ਇਹ ਫ਼ਿਲਮ। ਅਮਰਿੰਦਰ ਗਿੱਲ, ਆਪਣੇ ਕ੍ਰਿਸ਼ਮਈ ਪ੍ਰਦਰਸ਼ਨ ਅਤੇ ਰੂਹਾਨੀ ਅਵਾਜ਼ ਲਈ ਜਾਣੇ ਜਾਂਦੇ ਹਨ, ਇਸ ਸੰਗੀਤਕ ਅਭਿਨੈ ਵਿੱਚ ਕਲਾਕਾਰਾਂ ਦੀ ਅਗਵਾਈ ਕਰਦੇ ਹਨ। ਇਹ ਫਿਲਮ ਦਰਸ਼ਕਾਂ ਨੂੰ ਭੰਗੜੇ ਦੀ ਜੀਵੰਤ ਸੰਸਾਰ ਵਿੱਚ ਇੱਕ ਸਵਾਰੀ 'ਤੇ ਲੈ ਜਾਂਦੀ ਹੈ, ਰਵਾਇਤੀ ਡਾਂਸ ਫਾਰਮ ਦੀ ਮਹੱਤਤਾ ਅਤੇ ਸੁੰਦਰਤਾ ਦੀ ਇੱਕ ਝਲਕ ਪੇਸ਼ ਕਰਦੀ ਹੈ। ਦਿਲ ਨੂੰ ਛੂਹਣ ਵਾਲੇ ਬਿਰਤਾਂਤ ਅਤੇ ਫੁਟ-ਟੈਪਿੰਗ ਟਰੈਕਾਂ ਦੇ ਨਾਲ, 'ਅਸ਼ਕੇ' ਦਰਸ਼ਕਾਂ ਦਾ ਮਨੋਰੰਜਨ ਕਰਦੀ ਹੈ। ਇਸ ਲਈ, ਆਪਣੇ ਪਰਿਵਾਰ ਅਤੇ ਦੋਸਤਾਂ ਨਾਲ ਇਕੱਠੇ ਹੋ ਦੇਖੋ 'ਅਸ਼ਕੇ' ਫ਼ਿਲਮ ਦੁਪਹਿਰ 1 ਵਜੇ ਜ਼ੀ ਪੰਜਾਬੀ 'ਤੇ। ਆਪਣੇ ਆਪ ਨੂੰ ਇੱਕ ਅਜਿਹੀ ਕਹਾਣੀ ਵਿੱਚ ਲੀਨ ਕਰੋ ਜੋ ਸੰਗੀਤ, ਡਾਂਸ ਨਾਲ ਜੋੜਦੇ ਇੱਕਜੁੱਟ ਹੋਣ ਦਾ ਸੰਦੇਸ਼ ਦਿੰਦੀ ਹੈ।

# ਸ਼ਾਂਤੀ ਦੇਵੀ ਕਾਲਜ ਦਾ ਐਮ.ਕਾਮ ਦਾ ਨਤੀਜਾ ਸ਼ਾਨਦਾਰ ਰਿਹਾ

• ਦੀਨਾਨਗਰ/ਡਾ.ਰਮੇਸ਼ ਸਰੰਗਲ

ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ ਦੇ ਕਮਰਸ ਵਿਭਾਗ ਦੇ ਐਮ.ਕਾਮ ਫਾਈਨਲ ਦਾ ਨਤੀਜਾ ਸ਼ਾਨਦਾਰ ਰਿਹਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਲਈ ਗਈ ਉਕਤ ਪ੍ਰੀਖਿਆ ਚ ਐਮ.ਕਾਮ ਦੀ ਵਿਦਿਆਰਥਣ ਭਾਰਤੀ ਸ਼ਰਮਾ ਨੇ ਯੂਨੀਵਰਸਿਟੀ ਮੈਰਿਟ ਵਿੱਚ 6ਵਾਂ ਸਥਾਨ ਹਾਸਲ ਕਰਕੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ। ਕਾਲਜ ਪਿ?ਸੀਪਲ ਡਾ: ਰੀਨਾ ਤਲਵਾੜ ਨੇ ਵਿਭਾਗ ਦੀ ਐਚ.ਓ.ਡੀ ਡਾ: ਨੀਨੂ ਸ਼ਰਮਾ, ਮੈਡਮ ਰਮਾ ਕਪੂਰ, ਮੈਡਮ ਸਾਕਸ਼ੀ ਗੁਪਤਾ ਅਤੇ ਬਾਕੀ ਸਟਾਫ਼ ਨੂੰ ਵਧਾਈ ਦਿੱਤੀ, ਉਨ੍ਹਾਂ ਸਮੂਹ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।



# ਸੰਤ ਬਾਬਾ ਸੁਚਾ ਸਿੰਘ ਜਵੱਦੀ ਵਾਲਿਆਂ ਦੀ 21 ਵੀਂ ਬਰਸੀ ਸਬੰਧੀ ਸਮਾਗਮਾਂ ਦੀਆਂ ਤਿਆਰੀਆਂ ਜੋਰਾਂ 'ਤੇ

• ਲੁਧਿਆਣਾ



ਅਦੁੱਤੀ ਰੂਹ, ਸ਼੍ਰੋਮਣੀ ਗੁਰਮਤਿ ਸੰਗੀਤ ਪ੍ਰਚਾਰਕ ਗੁਰਪੁਰਵਾਸੀ ਸੰਤ ਬਾਬਾ ਸੁਚਾ ਸਿੰਘ ਜੀ ਦੀ 21 ਵੀਂ ਸਲਾਨਾ ਯਾਦ ਬਰਸੀ ਸਮਾਗਮ ਲੰਘੀ 15 ਅਗਸਤ ਤੋਂ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਟਕਸਾਲ ਵਿਖੇ ਅਰੰਭ ਹਨ। ਇਹ ਸਮਾਗਮ ਐਤਵਾਰ 27 ਅਗਸਤ ਤੱਕ ਚੱਲਣਗੇ। ਜਵੱਦੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਪਾਸੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਬਰਸੀ ਸਬੰਧੀ ਉਲੀਕੇ ਸਮਾਗਮਾਂ ਤਹਿਤ 24 ਅਗਸਤ ਨੂੰ ਸ਼ਾਮ 8 ਤੋਂ 10 ਵਜੇ ਤੱਕ ਗੁਰ ਸ਼ਬਦ ਸੰਗੀਤ ਅਕੈਡਮੀ ਜਵੱਦੀ ਟਕਸਾਲ ਦੇ ਹੋਣਹਾਰ ਵਿਦਿਆਰਥੀਆਂ ਵਲੋਂ ਕੀਰਤਨ ਦਰਬਾਰ, 25 ਅਗਸਤ ਨੂੰ ਬਰਸੀ ਦੇ ਸਬੰਧ 'ਚ ਅੰਮ੍ਰਿਤ ਵੇਲੇ ਸ਼?ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ, ਜਦਕਿ ਸ਼ਾਮ 7 ਤੋਂ 10 ਵਜੇ ਤੱਕ ਗੁਰਮਤਿ ਰਾਗੀ ਸਭਾ ਲੁਧਿਆਣਾ ਵਲੋਂ ਕੀਰਤਨ ਦਰਬਾਰ 'ਚ ਹਾਜ਼ਰੀ ਭਰੀ ਜਾਵੇਗੀ, 26 ਅਗਸਤ ਨੂੰ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਵਿਸ਼ੇਸ਼ ਕੀਰਤਨ ਦਰਬਾਰ ਤੇ ਸਿਮਰਨ ਸਮਾਗਮ, ਸ਼ਾਮ 7 ਵਜੇ ਤੋਂ 10 ਵਜੇ ਤੱਕ ਕੀਰਤਨ ਦਰਬਾਰ ਜਿਸ ਵਿਚ ਸੱਚਖੰਡ ਸ਼?ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਕੀਰਤਨੀਏ ਭਾਈ ਕੁਲਦੀਪ ਸਿੰਘ, ਭਾਈ ਦਵਿੰਦਰ ਸਿੰਘ, ਭਾਈ ਸ਼ੌਕੀਨ ਸਿੰਘ ਗੁਰਬਾਣੀ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। 27 ਅਗਸਤ ਨੂੰ ਸਵੇਰੇ 9 ਵਜੇ ਸ਼?ਰੀ ਅਖੰਡ ਪਾਠ ਦੇ ਭੋਗ ਪੈਣਗੇ, 10 ਵਜੇ ਤੋਂ ਦੁਪਹਿਰ 12 ਵਜੇ ਤੱਕ ਗੁਰਮਤਿ ਸੰਗੀਤ ਦੇ ਮਾਹਰ ਤੰਤੀ ਸਾਜ਼ੀ ਸਿੰਘਾਂ ਵਲੋਂ ਕੀਰਤਨ ਦਰਬਾਰ, 12 ਵਜੇ ਤੋਂ ਸ਼ਾਮ 4 ਵਜੇ ਤੱਕ ਗੁਰਮਤਿ ਸਮਾਗਮ 'ਚ ਵੱਖ-ਵੱਖ ਸੰਪ੍ਰਦਾਵਾਂ, ਵੱਖ-ਵੱਖ ਧਰਮਾਂ ਦੇ ਮਹਾਂਪੁਰਸ਼ ਹਾਜ਼ਰੀ ਭਰਨਗੇ ਅਤੇ ਢਾਡੀ ਦਰਬਾਰ ਸਜੇਗਾ, ਉਪ੍ਰੰਤ ਬੀਬੀਆਂ ਵਲੋਂ ਸੰਗਤੀ ਰੂਪ 'ਚ ਸ਼ੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ, ਸ਼ਾਮ 7 ਵਜੇ ਤੋਂ 10 ਵਜੇ ਤੱਕ ਰਾਗ ਦਰਬਾਰ ਉਪ੍ਰੰਤ ਸਮਾਪਤੀ ਹੋਵੇਗੀ। ਮਹਾਪੁਰਸ਼ਾਂ ਨੇ ਦੱਸਿਆ ਕਿ ਦੇਸ਼ ਦੇ ਵੱਖ-ਵੱਖ ਭਾਗਾਂ ਤੋਂ ਇਲਾਵਾ ਵਿਦੇਸ਼ਾਂ ਤੋਂ ਵੀ ਸੰਗਤਾਂ ਇਸ ਬਰਸੀ ਸਮਾਗਮ 'ਤੇ ਨਤਮਸਤਕ ਹੋਣ ਲਈ ਪਧਾਰਦੀਆਂ ਹਨ। ਇਸ ਲਈ ਸ਼ਰਧਾਵਾਨ ਸ਼ਰਧਾਲੂਆਂ ਦੇ ਸਹਿਯੋਗ ਨਾਲ ਵਿਉਤਬੰਦੀ ਨਾਲ ਹਰ ਪੱਖ ਨੂੰ ਵਿਚਾਰਦਿਆਂ ਲੋੜੀਂਦੇ ਤੇ ਪੁੱਖਤਾ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸੰਗਤਾਂ 'ਚ ਭਾਰੀ ਉਤਸ਼ਾਹ ਹੈ, ਇਸੇ ਤਰ੍ਹਾਂ ਗੁਰੂ ਕੇ ਲੰਗਰ, ਸਿਹਤ ਸੇਵਾਵਾਂ, ਪਾਰਕਿੰਗ, ਜੋੜਾ ਤੇ ਗਠੜੀ ਘਰ ਆਦਿ 'ਚ ਜਿੰਮੇਵਾਰ ਸੇਵਾਦਾਰਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ। ਇਸੇ ਤਰ੍ਹਾਂ ਸ਼ਾਸ਼ਨ/ਪ੍ਰਸ਼ਾਸ਼ਨ ਨੂੰ ਵੀ ਇਸ ਪੱਖ 'ਚ ਜਾਣਕਾਰੀ ਦਿੱਤੀ ਗਈ ਹੈ, ਬਿਜਲੀ, ਆਵਾਜਾਈ ਤੇ ਸੁਰੱਖਿਆ ਇੰਤਜ਼ਾਮਾਂ ਲਈ ਸੇਵਾਵਾਂ ਲਈਆਂ ਜਾਣਗੀਆਂ। ਉਨ੍ਹਾਂ ਸੰਗਤਾਂ ਨੂੰ ਬਰਸੀ ਸਮਾਗਮਾਂ ਵਿਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।

# ਸ੍ਰੀ ਦਸਮੇਸ਼ ਅਕੈਡਮੀ ਵਿਖੇ ਉਤਸ਼ਾਹ ਨਾਲ ਮਨਾਇਆ ਤੀਆਂ ਦਾ ਤਿਉਹਾਰ

## ਡਾਇਰੈਕਟਰ ਮੇਜਰ ਜਨਰਲ ਜੇ ਐਸ ਘੁੰਮਣ ਅਤੇ ਨਰਿੰਦਰ ਕੌਰ ਘੁੰਮਣ ਬਤੌਰ ਮੁੱਖ ਮਹਿਮਾਨ ਹੋਏ ਸ਼ਾਮਲ



• **ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਉੱਤਰੀ ਭਾਰਤ ਦੀ ਪ੍ਰਸਿਧ ਵਿਦਿਅਕ ਸੰਸਥਾ ਸ੍ਰੀ ਦਸਮੇਸ਼ ਅਕੈਡਮੀ ਵਿਖੇ ਤੀਆਂ ਦਾ ਤਿਉਹਾਰ ਅਕੈਡਮੀ ਦੇ ਸਟਾਫ ਅਤੇ ਵਿਦਿਆਰਥੀਆਂ ਵਲੋਂ ਬੜੇ ਉਤਸ਼ਾਹ ਅਤੇ ਉਲਾਸ ਨਾਲ ਮਨਾਇਆ ਗਿਆ। ਇਸ ਤਿਉਹਾਰ ਨੂੰ ਮਨਾਉਣ ਲਈ ਅਕੈਡਮੀ ਦੇ ਚੇਅਰਮੈਨ, ਅਕੈਡਮੀ ਮੈਨੇਜਮੈਂਟ ਕਮੇਟੀ ਅਤੇ ਡਾਇਰੈਕਟਰ, ਮੇਜਰ ਜਨਰਲ ਜੇ ਐਸ ਘੁੰਮਣ, ਵੀ ਐਸ ਐਮ (ਰਿਟਾ) ਅਤੇ ਉਹਨਾਂ ਦੀ ਧਰਮ ਪਤਨੀ ਸ੍ਰੀਮਤੀ ਨਰਿੰਦਰ ਕੌਰ ਘੁੰਮਣ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਇਸ ਮੌਕੇ ਅਕੈਡਮੀ ਦੇ ਆਡੀਟੋਰੀਅਮ ਵਿਖੇ ਇੱਕ ਰੰਗਾਰੰਗ ਅਤੇ ਸਭਿਆਚਾਰਕ ਪ੍ਰੋਗਰਾਮ ਦੇ ਆਯੋਜਿਨ ਕੀਤਾ ਗਿਆ। ਜਿਸ ਵਿੱਚ ਅਕੈਡਮੀ ਦੇ ਵਿਦਿਆਰਥੀਆਂ ਵਲੋਂ ਤੀਆਂ ਦੇ ਤਿਉਹਾਰ ਸਬੰਧੀ ਕਵਿਤਾ, ਤੀਆਂ ਦੇ ਤਿਉਹਾਰ ਮਨਾਉਣ ਦੀ ਮਹੱਤਤਾ, ਪੰਜਾਬੀ ਲੋਕ ਗੀਤ, ਗਿੱਧਾ, ਭੰਗੜਾ ਆਦਿ ਆਈਟਮਾਂ ਪੇਸ਼ ਕੀਤੀਆਂ ਗਈਆਂ।

ਇਸ ਮੌਕੇ ਤੇ ਅਕੈਡਮੀ ਦੇ ਪ੍ਰਿੰਸੀਪਲ ਕਰਨਲ ਰਮਾ ਕਾਂਤ ਪਾਂਡੇ (ਰਿਟਾ) ਨੇ ਤੀਆਂ ਦੇ ਤਿਉਹਾਰ ਨੂੰ ਮਨਾਉਣ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਅਕੈਡਮੀ ਦੇ ਡਾਇਰੈਕਟਰ ਮੇਜਰ ਜਨਰਲ ਘੁੰਮਣ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆ ਕਿਹਾ ਸਾਨੂੰ ਇੱਕ ਦੂਜੇ ਨਾਲ ਮਿਲ ਕੇ ਚੱਲਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇੱਕਲਾਪਣ ਜਿੰਦਗੀ ਜਿਉਣ ਦਾ ਤਰੀਕਾ ਨਹੀ, ਸਾਨੂੰ ਆਪਣੇ ਪਰਿਵਾਰਾਂ ਵਿੱਚ ਕਿਵੇਂ ਰਹਿਣਾ ਹੈ ਆਦਿ ਗੱਲਾਂ ਨੂੰ ਸਾਝਾਂ ਕੀਤਾ। ਇਸ ਉਪਰੰਤ ਅਕੈਡਮੀ ਦੇ ਖੁੱਲੇ ਗਰਾਉਂਡ ਵਿਖੇ ਸਾਵਣ ਮਹੀਨੇ ਦੀ ਮਹੱਤਤਾ ਨੂੰ ਦਰਸਾਉਂਦੀਆਂ ਰੰਗ ਬਰੰਗੀਆਂ ਪੀਘਾਂ ਝੂਟਣ ਦਾ ਵੀ ਪ੍ਰਬੰਧ ਕੀਤਾ ਗਿਆ ਸੀ ਜਿਥੇ ਅਕੈਡਮੀ ਦੇ ਡਾਇਰੈਕਟਰ ਦੀ ਧਰਮਪਤਨੀ ਸ੍ਰੀਮਤੀ ਨਰਿੰਦਰ ਕੌਰ ਘੁੰਮਣ ਅਤੇ ਅਕੈਡਮੀ ਦੀਆਂ ਅਧਿਆਪਕਾਵਾਂ ਨੇ ਪੀਘਾਂ ਝੂਟੀਆਂ ਅਤੇ ਹੱਥਾਂ ਤੇ ਮਹਿੰਦੀ ਵੀ ਲਗਾਈ। ਇਸ ਮੌਕੇ ਤੇ ਅਕੈਡਮੀ ਦੇ ਡਾਇਰਕੈਟਰ ਮੇਜਰ ਜਨਰਲ ਜੇ ਐਸ ਘੁੰਮਣ ਤੋਂ ਇਲਾਵਾ ਸ੍ਰੀਮਤੀ ਨਰਿੰਦਰ ਕੌਰ ਘੁੰਮਣ, ਕਰਨਲ ਰਮਾ ਕਾਂਤ ਪਾਂਡੇ, ਸ੍ਰੀਮਤੀ ਵਿਜੈ ਪਾਂਡੇ, ਰਣਵੀਰ ਸਿੰਘ ਸੈਣੀ, ਨੀਤੂ ਬਾਲਾ, ਅਨੁਰਾਧਾ ਰਾਣੀ, ਸਵੀਪਾਲ ਸਿੰਘ, ਬਰਜਿੰਦਰ ਸਿੰਘ, ਰਾਕੇਸ਼ ਸ਼ਰਮਾ, ਆਰਤੀ ਸ਼ਰਮਾ, ਕੁਲਦੀਪ ਸਿੰਘ, ਭਾਰਤ ਭੁਸ਼ਣ ਸਿੰਘ, ਕੁਲਵਿੰਦਰਜੀਤ ਕੌਰ, ਵਰੁਣ, ਸਾਲੂ ਸੁਰਿੰਦਰ ਸਿੰਘ, ਸੁਬਮ, ਸਵਨੀਤ ਕੌਰ, ਨਰਿੰਦਰ ਕੁਮਾਰ, ਸਰਵਪ੍ਰੀਤ, ਮੰਜੂ ਬਾਲਾ, ਦਵਿੰਦਰ ਕੌਰ, ਨਵਦੀਪ ਕੌਰ, ਮਨਪ੍ਰੀਤ ਸਿੰਘ, ਪਾਰੂਲ, ਬਬੀਤਾ, ਨਿਤਿਸ਼, ਸਰੂਚੀ, ਪੂਜਾ, ਨਵਨੀਤ ਕੌਰ, ਪੁਨਮ, ਕੋਮਲ ਸ਼ਰਮਾ, ਰੇਨੂ ਵਰਮਾ, ਰਜਨੀਸ਼, ਹੇਮੰਤ, ਮਨਪ੍ਰੀਤ ਕੌਰ, ਰਵਿੰਦਰ ਸਿੰਘ, ਵਨੀਤ ਸ੍ਰੀਵਸਤਵਾ, ਵਿਨੋਦ ਕੁਮਾਰ, ਹਰਵਿੰਦਰ ਸਿੰਘ, ਵਿਜੈ ਸ਼ਰਮਾ, ਸੂਬੇਦਾਰ ਮੇਜਰ ਕੁਲਦੀਪ ਸਿੰਘ, ਗੁਰਨਾਮ ਸਿੰਘ, ਅਜੈ ਕੁਮਾਰ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਰਾਹਤ ਕਾਰਜਾਂ ਦੌਰਾਨ ਕੈਬਨਿਟ ਮੰਤਰੀ ਹਰਜੋਤ ਬੈਂਸ ਨੂੰ ਜ਼ਹਿਰੀਲੇ ਸੱਪ ਨੇ ਡੰਗਿਆ





• **ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ)**

ਇਲਾਕੇ ਵਿਚ ਆਏ ਹੜਾਂ ਦੇ ਚਲਦਿਆਂ ਰਾਹਤ ਕਾਰਜਾਂ ਦੌਰਾਨ ਕੈਬਨਿਟ ਮੰਤਰੀ ਹਰਜੋਤ ਬੈਂਸ ਨੂੰ ਜ਼ਹਿਰੀਲੇ ਸੱਪ ਨੇ ਡੰਗ ਲਿਆ ਸੀ ਅਤੇ ਹੁਣ ਉਹ ਬਿਲਕੁਲ ਠੀਕ ਹਨ। ਇਸ ਦੀ ਜਾਣਕਾਰੀ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਸੋਸ਼ਲ਼ ਮੀਡੀਆ ਅਕਾਊਂਟ 'ਤੇ ਦਿੱਤੀ ਹੈ। ਹਰਜੋਤ ਸਿੰਘ ਬੈਂਸ ਨੇ ਲਿਖਿਆ ਹੈ, 'ਪਰਮਾਤਮਾ ਦੀ ਅਪਾਰ ਬਖਸ਼ਿਸ਼ ਨਾਲ ਮੇਰੇ ਹਲਕਾ ਸ੍ਰੀ ਆਨੰਦਪੁਰ ਸਾਹਿਬ 'ਚ ਹੜ੍ਹਾਂ ਕਰਕੇ ਪਾਣੀ ਭਰਨ ਕਾਰਨ ਪੈਦਾ ਹੋਏ ਹਾਲਾਤ ਹੁਣ ਕਾਫੀ ਠੀਕ ਹਨ। 15 ਅਗਸਤ ਨੂੰ ਜਦੋਂ ਹਲਕੇ ਦੇ ਪਿੰਡਾਂ ਵਿੱਚ ਪਾਣੀ ਭਰਨ ਦੀ ਸੂਚਨਾ ਮਿਲੀ ਤਾਂ ਮੈਂ ਆਪਣੇ ਹੋਰ ਸਾਰੇ ਰੁਝੇਵੇਂ ਰੱਦ ਕਰਕੇ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਜੁਟ ਗਿਆ।ਗੁਰੂ ਸਾਹਿਬ ਜੀ ਵੱਲੋਂ ਬਖਸ਼ੀ ਸੇਵਾ ਕਰਦਿਆਂ ਤਿੰਨ ਦਿਨ ਪਹਿਲਾਂ ਰਾਹਤ ਕਾਰਜਾਂ ਦੌਰਾਨ ਮੇਰੇ ਪੈਰ 'ਤੇ ਜ਼ਹਿਰੀਲਾ ਸੱਪ ਲੜ ਗਿਆ ਸੀ। ਇਲਾਜ ਦੌਰਾਨ ਹੀ ਮੈਂ ਵਾਪਸ ਆਪਣੇ ਲੋਕਾਂ ਦੀ ਸੇਵਾ ਵਿੱਚ ਜੁਟ ਗਿਆ। ਵਾਹਿਗੁਰੂ ਜੀ ਦੀ ਮੇਹਰ, ਆਪ ਸਭ ਦੇ ਅਸ਼ੀਰਵਾਦ, ਦੁਆਵਾਂ ਤੇ ਅਰਦਾਸਾਂ ਸਦਕਾ ਹੁਣ ਮੈਂ ਹੁਣ ਬਿਲਕੁਲ ਠੀਕ ਹਾਂ। ਜ਼ਹਿਰ ਕਾਰਨ ਆਈ ਸੋਜ ਘੱਟ ਰਹੀ ਹੈ। ਸਾਰੇ ਡਾਕਟਰੀ ਟੈਸਟ ਵੀ ਹੁਣ ਨਾਰਮਲ ਆਏ ਹਨ। ਤੁਹਾਡਾ ਸਾਰਿਆਂ ਦਾ ਪਿਆਰ, ਸਾਥ ਅਤੇ ਅਸ਼ੀਰਵਾਦ ਹਮੇਸ਼ਾਂ ਮੈਨੂੰ ਸ਼ਕਤੀ ਅਤੇ ਹੌਂਸਲਾ ਦਿੰਦਾ ਰਿਹਾ ਹੈ। ਵਾਹਿਗੁਰੂ ਸੱਚੇ ਪਾਤਸ਼ਾਹ ਸਭ ਤੇ ਆਪਣਾ ਮੇਹਰ ਭਰਿਆ ਹੱਥ ਰੱਖਣ।

**■ ਜ਼ਹਿਰ ਕਾਰਨ ਆਈ ਸੋਜ ਘੱਟ ਰਹੀ ਹੈ ਅਤੇ ਸਾਰੇ ਡਾਕਟਰੀ ਟੈਸਟ ਵੀ ਹੁਣ ਨਾਰਮਲ ਆਏ ਹਨ : ਹਰਜੋਤ ਬੈਂਸ**

# ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਪੌਦੇ ਲਗਾਓ: ਜੋਨ ਚੇਅਰਮੈਨ




• **ਸਹੀਦ ਭਗਤ ਸਿੰਘ ਨਗਰ**

ਲਾਇਨਜ਼ ਕਲੱਬ ਮੁਕੰਦਪੁਰ ਐਕਟਿਵ 321 ਡੀ ਵਲੋਂ ਆਪਣੇ ਸਮਾਜ ਸੇਵੀ ਕਾਰਜਾ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਕਲੱਬ ਪ੍ਰਧਾਨ ਲਾਇਨ ਡਾਕਟਰ ਯਾਦਵਿੰਦਰ ਸਿੰਘ ਦੀ ਅਗਵਾਈ ਹੇਠ ਮੁਕੰਦਪੁਰ ਇਲਾਕੇ ਅੰਦਰ ਫਲਦ?ਾਰ ਤੇ ਛਾਦਾਰ ਪੌਦੇ ਲਗਾਏ ਗਏ। ਇਸ ਪ੍ਰੋਜੈਕਟ ਚ ਮੁੱਖ ਮਹਿਮਾਨ ਵਜੋ ਜੋਨ ਚੇਅਰਮੈਨ ਲਾਇਨ ਚਰਨਜੀਤ ਤਲਵੰਡੀ ਨੇ ਸ਼ਿਰਕਤ ਕਰਦਿਆ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਲਈ ਸਾਨੂੰ ਸਭ ਨੂੰ ਮਿਲ ਕੇ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹਿਦੇ ਹਨ ਤਾ ਕਿ ਸਾਡਾ ਵਾਤਾਵਰਣ ਭਿਆਨਕ ਬਿਮਾਰੀਆਂ ਤੋਂ ਬਚ ਸਕੇ। ਉਨਾ ਕਿਹਾ ਕਿ ਦਿਨੋ ਦਿਨ ਵੱਧ ਰਹੀਆ ਭਿਆਨਕ ਬਿਮਾਰੀਆਂ ਨੂੰ ਆਪਾ ਪੌਦੇ ਲਗਾ ਕੇ ਹੀ ਖਤਮ ਕਰ ਸਕਦੇ ਹਾ। ਕਲੱਬ ਸੈਕਟਰੀ ਲਾਇਨ ਹਰਮਿੰਦਰ ਸਿੰਘ ਨੇ ਦੱਸਿਆ ਕਿ ਆਉਣ ਵਾਲੇ ਦਿਨਾ ਚ ਲਾਇਨਜ਼ ਕਲੱਬ ਮੁਕੰਦਪੁਰ ਵਲੋਂ ਅੱਖਾ ਦਾ ਮੁਫਤ ਅਪਰੇਸ਼ਨ ਤੇ ਚੈਕਅਪ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਦੀਆ ਤਿਆਰੀਆਂ ਲਗਭਗ ਮੁਕੰਮਲ ਹੋ ਚੁਕੀਆਂ ਹਨ। ਇਸ ਮੌਕੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਮਹਿਤਾ, ਐਡਵੋਕੇਟ ਕਮਲਜੀਤ ਸਿੰਘ, ਸਤਪਾਲ ਮੰਡੇਰ, ਹਰਮਿੰਦਰ ਸਿੰਘ, ਦਲਵੀਰ ਚੰਦ, ਸੁਖਜਿੰਦਰ ਸਿੰਘ, ਭੁਪਿੰਦਰ ਸਿੰਘ, ਮਨਪ੍ਰੀਤ ਸਿੰਘ, ਰਾਜ ਕੁਮਾਰ ਵਾਲੀਆਂ, ਨਰਿੰਦਰ ਖੁਰਾਣਾ, ਲਵਪ੍ਰੀਤ ਸਿੰਘ ਆਦਿ ਹਾਜ਼ਰ ਸਨ।

**■ ਲਾਇਨਜ਼ ਕਲੱਬ ਮੁਕੰਦਪੁਰ ਐਕਟਿਵ ਵਲੋ ਮੁਕੰਦਪੁਰ ਇਲਾਕੇ ਅੰਦਰ ਪੌਦੇ ਲਗਾਏ ਗਏ**

# ਪਹਿਲਾਂ ਇਨਸਾਨੀਅਤ' ਸੰਸਥਾ ਵਲੋਂ ਸੈਂਕੜੇ ਹੜ੍ਹ ਪੀੜਤਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ



• **ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਪੰਜਾਬ ਦੀ ਨਾਮਵਰ ਸਮਾਜ ਸੇਵੀ ਸੰਸਥਾ 'ਪਹਿਲਾਂ ਇਨਸਾਨੀਅਤ' ਵਲੋਂ ਜ਼ਿਲ੍ਹੇ ਵਿਚ ਹੜ੍ਹ ਪੀੜਤਾਂ ਦੀ ਮਦਦ ਲਈ ਵੱਡੇ ਪੱਧਰ 'ਤੇ ਰਾਹਤ ਕਾਰਜਾਂ ਦੀ ਸੇਵਾ ਅਰੰਭ ਕੀਤੀ ਹੋਈ ਹੈ, ਇਸੇ ਤਹਿਤ ਅੱਜ ਸੰਸਥਾ ਮੁਖੀ ਸ. ਅਜੈਵੀਰ ਸਿੰਘ ਲਾਲਪੁਰਾ ਦੀ ਅਗਵਾਈ ਹੇਠ ਜਿਲ੍ਹਾ ਰੂਪਨਗਰ ਵਿਧਾਨ ਸਭਾ ਸ਼੍ਰੀ ਅਨੰਦਪੁਰ ਸਾਹਿਬ ਦੇ ਹੜ ਪ੍ਰਭਾਵਿਤ ਚੰਦਪੁਰ ਬੇਲਾ , ਹਰੀਵਾਲ, ਗੱਜਪੁਰ, ਸ਼ਾਹਪੁਰ, ਲੋਧੀਪੁਰ ਆਦਿ ਪਿੰਡਾਂ ਦਾ ਜ਼ਾਇਜਾ ਲਿਆ ਤੇ ਲੋੜਵੰਦ ਲੋਕਾਂ ਨੂੰ ਰਾਸ਼ਨ ਕਿੱਟਾਂ ਅਤੇ ਪਸ਼ੂਆਂ ਦੇ ਚਾਰੇ ਦੀ ਵੰਡ ਕੀਤੀ।ਇਸ ਬਾਬਤ ਜਾਣਕਾਰੀ ਦਿੰਦੇ ਹੋਏ ਸ. ਲਾਲਪੁਰਾ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਪਹਿਲੇ ਦਿਨ ਤੋਂ ਹੀ ਰਾਸ਼ਨ ਕਿੱਟਾਂ, ਤਰਪਾਲਾਂ ਦੀ ਵੰਡ ਸਮੇਤ ਪਸ਼ੂਆਂ ਦੇ ਚਾਰੇ ਦੀ ਸੇਵਾ ਕਰ ਰਹੀ ਹੈ।




ਇਸ ਮੌਕੇ ਜੋਗਿੰਦਰ ਚੌਹਾਨ, ਮੰਡਲ ਪ੍ਰਧਾਨ ਸਤਬੀਰ ਰਾਣਾ, ਮਹੇਸ਼ ਸ਼ਰਮਾ, ਮਨਹੋਰ ਲਾਲ ਖਮੇੜਾ, ਗੋਪਾਲ ਰਾਣਾ, ਪਰਮਜੀਤ ਸਿੰਘ, ਨਿਰਮਲ ਸਿੰਘ, ਸਾਦਾ ਸਿੰਘ ਆਦਿ ਹਾਜ਼ਰ ਸਨ।

# 44 ਵੀਆ ਪੰਜਾਬ ਰਾਜ ਜੂਨੀਅਰ ਜੂਡੋ ਚੈਂਪੀਅਨਸ਼ਿਪ ਲੜਕਿਆਂ ਦੇ ਮੁਕਾਬਲਿਆਂ ਵਿੱਚ ਗੁਰਦਾਸਪੁਰੀਏ ਛਾਏ

## ਦੋ ਰੋਜ਼ਾ ਚੈਂਪੀਅਨਸ਼ਿਪ ਪੰਜਾਬ ਭਰ ਤੋਂ ਲੈ ਰਹੇ ਨੇ 250 ਤੋਂ ਵਧੇਰੇ ਖਿਡਾਰੀ ਹਿੱਸਾ

• ਗੁਰਦਾਸਪੁਰ-ਨਵਨੀਤ ਕੁਮਾਰ

ਪੰਜਾਬ ਜੂਡੋ ਐਸੋਸੀਏਸ਼ਨ ਦੀ ਸਰਪ੍ਰਸਤੀ ਹੇਠ ਪੰਜਾਬ ਦੇ 18 ਜ਼ਿਲਿਆਂ ਤੋਂ ਲੜਕੇ / ਲੜਕੀਆਂ 250 ਦੇ ਲਗਭਗ ਲੜਕੇ/ ਲੜਕੀਆਂ ਦੋ ਰੋਜ਼ਾ 44 ਵੀਆ ਪੰਜਾਬ ਰਾਜ ਜੂਨੀਅਰ ਜੂਡੋ ਚੈਂਪੀਅਨਸ਼ਿਪ ਵਿੱਚ ਭਾਗ ਲੈ ਰਹੇ ਹਨ। ਅੱਜ ਦੇ ਲੜਕਿਆਂ ਦੇ ਮੁਕਾਬਲਿਆਂ ਵਿੱਚ ਗੁਰਦਾਸਪੁਰ ਦੇ ਜੂਡੋਕਾ ਨੇ 4 ਗੋਲਡ ਮੈਡਲ ਜਿੱਤ ਸੁਨਹਿਰੀ ਇਤਿਹਾਸ ਸਿਰਜਿਆ ਹੈ।ਜਾਣਕਾਰੀ ਦਿੰਦਿਆਂ ਅਮਰਜੀਤ ਸ਼ਾਸਤਰੀ ਪ੍ਰੈਸ ਸਕੱਤਰ ਪੰਜਾਬ ਜੂਡੋ ਐਸੋਸੀਏਸ਼ਨ ਨੇ ਦੱਸਿਆ ਕਿ ਇਸ ਟੂਰਨਾਮੈਂਟ ਦੇ ਵਿੱਚੋਂ ਪਹਿਲੇ ਸਥਾਨ ਤੇ ਆਉਣ ਵਾਲੇ ਖਿਡਾਰੀਆਂ ਨੂੰ ਪਹਿਲੀ ਸਿਤੰਬਰ ਤੋਂ ਹੋਣ ਵਾਲੀ ਨੈਸ਼ਨਲ ਜੂਡੋ ਚੈਂਪੀਅਨਸ਼ਿਪ ਦਿੱਲੀ ਵਿਖੇ ਪੰਜਾਬ ਦੀ 16 ਮੈਂਬਰੀ ਟੀਮ ਵਿਚ ਖੇਡਣ ਦਾ ਮੌਕਾ ਦਿੱਤਾ ਜਾਵੇਗਾ। ਜ਼ਿਲਾ ਜੂਡੋਕਾ ਵੈਲਫੇਅਰ ਸੁਸਾਇਟੀ ਦੇ ਸਕੱਤਰ ਸਤੀਸ਼ ਕੁਮਾਰ ਜੂਡੋ ਕੋਚ ਨੇ ਦੱਸਿਆ ਕਿ ਖਿਡਾਰੀਆਂ ਦੀ ਰਿਹਾਇਸ਼, ਖਾਣ ਪੀਣ, ਟਰਾਂਸਪੋਰਟ ਦੀ ਸਹੂਲਤ ਦਾ ਪ੍ਰਬੰਧ ਸੁਸਾਇਟੀ ਵੱਲੋਂ ਕੀਤਾ ਗਿਆ ਹੈ। ਇਸ ਲਈ ਸਾਬਕਾ ਜੂਡੋ ਖਿਡਾਰੀਆਂ, ਜੂਡੋ ਖੇਡ ਪ੍ਰੇਮੀਆਂ ਵੱਲੋਂ ਵਿੱਤੀ ਮਦਦ ਕੀਤੀ ਗਈ ਹੈ। ਗੁਰਦਾਸਪੁਰ ਵਿੱਚ ਹੜਾਂ ਦੀ ਕਰੋਪੀ ਕਾਰਨ ਪੁਲੀਸ ਪ੍ਰਸ਼ਾਸਨ, ਅਤੇ ਜ਼ਿਲ੍ਹਾ ਪ੍ਰਸ਼ਾਸਨ ਜੰਗੀ ਪੱਧਰ ਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਡਿਊਟੀ ਲੱਗੀ ਹੋਣ ਕਰਕੇ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਨਹੀਂ ਪੁੱਜ ਸਕੇ। ਫਿਰ ਵੀ ਅੱਜ ਅੰਤਰਰਾਸ਼ਟਰੀ ਜੂਡੋ ਖਿਡਾਰੀ ਜਤਿੰਦਰ ਪਾਲ ਸਿੰਘ ਐਸ ਐਚ ਓ ਦੀਨਾਨਗਰ, ਟ?ਰੈਫਿਕ ਇੰਚਾਰਜ਼ ਗੁਰਦਾਸਪੁਰ ਪਹਿਲਵਾਨ ਅਜੇ ਕੁਮਾਰ, ਸਿਮਰਨ ਜੀਤ ਰੰਧਾਵਾ ਜ਼ਿਲ੍ਹਾ ਖੇਡ ਅਫ਼ਸਰ ਗੁਰਦਾਸਪੁਰ, ਰਿਸ਼ੀ ਕੋਛੜ ਡਾਇਰੈਕਟਰ ਕੈਂਬਰਿਜ ਇੰਟਰਨੈਸ਼ਨਲ ਸਕੂਲ ਗੁਰਦਾਸਪੁਰ ਅਤੇ ਪ੍ਰਿੰਸੀਪਲ ਸ਼ਮੀਕੀ ਕੋਛੜ, ਪ੍ਰੋਫੈਸਰ ਮੁਖਵਿੰਦਰ ਸਿੰਘ ਰੰਧਾਵਾ ਐਸ ਐਸ ਐਮ ਕਾਲਜ ਦੀਨਾਨਗਰ ਨੇ ਹੌਸਲਾ ਅਫ਼ਜ਼ਾਈ ਲਈ ਹਾਜ਼ਰੀ ਦਿੱਤੀ। ਲੜਕੀਆਂ ਦੇ ਮੁਕਾਬਲੇ ਕਲ ਕਰਵਾਏ ਜਾਣਗੇ। ਇਹਨਾਂ ਖਿਡਾਰੀਆਂ ਨੂੰ ਸਾਬਕਾ ਜੂਡੋ ਖਿਡਾਰੀ ਵਰਿੰਦਰ ਸਿੰਘ ਸੰਧੂ ਐਸ ਐਸ ਪੀ ਵਿਜੀਲੈਂਸ ਅਮ੍ਰਿਤਸਰ ਕਰਨਗੇ।

ਟੂਰਨਾਮੈਂਟ ਇੰਚਾਰਜ ਦਿਨੇਸ਼ ਕੁਮਾਰ ਬਟਾਲਾ, ਸਾਲੂ ਵੀਰ ਦਵਿੰਦਰ ਵਾਲੀਆ ਮਾਨਸਾ ਸਾਜਿਦਾ ਚਾਨਾ ਮੋਹਾਲੀ ਅਨੁਸਾਰ ਅੱਜ ਦੇ ਲੜਕਿਆਂ ਦੇ ਮੁਕਾਬਲਿਆਂ ਵਿੱਚ ਗੁਰਦਾਸਪੁਰ ਦੇ ਖਿਡਾਰੀਆਂ ਦੀ ਝੰਡੀ ਰਹੀ। ਵਿਅਕਤੀਗਤ ਨਤੀਜੇ ਇਸ ਪ੍ਰਕਾਰ ਹਨ।

+100ਕਿਲੋ ਭਾਰ ਵਰਗ ਮਾਨਵ ਸ਼ਰਮਾ ਗੁਰਦਾਸਪੁਰ ਗੋਲਡ ਮੈਡਲ, ਰੋਹਿਤ ਜਲੰਧਰ ਸਿਲਵਰ ਮੈਡਲ, ਰਵਿੰਦਰ ਸਿੰਘ ਮੋਹਾਲੀ, ਅਤੇ ਆਯੂਸ਼ ਅਮ੍ਰਿਤਸਰ ਤੀਸਰੇ ਸਥਾਨ ਤੇ ਰਹੇ। 100 ਕਿਲੋ ਭਾਰ ਵਰਗ ਵਿੱਚ ਰਾਕੇਸ਼ ਗਿਲ ਗੁਰਦਾਸਪੁਰ ਨੇਂ ਪਹਿਲਾ ਹਿਤੇਸ਼ ਸ਼ਰਮਾ ਅਮ੍ਰਿਤਸਰ ਨੇ ਦੂਸਰਾ ਸਥਾਨ, ਗੁਰਿੰਦਰ ਪਾਲ ਹੁਸ਼ਿਆਰਪੁਰ ਅਤੇ ਦਿਵਿਆਂਸ ਭੱਟ ਜਲੰਧਰ ਤੀਸਰੇ ਸਥਾਨ ਤੇ ਰਹੇ। -90 ਕਿਲੋ ਰਜਨੀਸ਼ ਕੁਮਾਰ ਗੁਰਦਾਸਪੁਰ ਨੇ ਗੋਲਡ ਮੈਡਲ, ਗਗਨਜੋਤ ਸਿੰਘ ਜਲੰਧਰ ਨੇ ਸਿਲਵਰ ਮੈਡਲ, ਵੀਰ ਦਵਿੰਦਰ ਵਾਲੀਆ ਪਟਿਆਲਾ ਅਤੇ। ਅਸੀਮ ਵਰਮਾ ਪਠਾਨਕੋਟ ਨੇ ਬਰਾਉਨਜ ਮੈਡਲ ਜਿੱਤਿਆ। 81 ਕਿਲੋ ਭਾਰ ਵਰਗ ਵਿੱਚ ਨਿਤਿਨ ਗੁਰਦਾਸਪੁਰ ਨੇ ਗੋਲਡ ਮੈਡਲ, ਹਰਸ ਸ਼ਰਮਾ ਅਮ੍ਰਿਤਸਰ ਨੇ ਸਿਲਵਰ ਮੈਡਲ, ਕੇਤਨ ਸ਼ਰਮਾ ਗੁਰਦਾਸਪੁਰ, ਪ੍ਰਨਵ ਪਾਠਕ ਹੁਸ਼ਿਆਰਪੁਰ ਨੇ ਬਰਾਉਨਜ ਮੈਡਲ ਜਿੱਤਿਆ।




## ਵਰ੍ਹੇਗੰਢ ਮੁਬਾਰਕ



ਚਰਨਜੀਤ ਸਿੰਘ ਅਤੇ ਰਜਿੰਦਰ ਕੌਰ ਵਾਸੀ ਸ਼੍ਰੀ ਅਨੰਦਪੁਰ ਸਾਹਿਬ ਨੇ ਆਪਣੇ ਵਿਆਹ ਦੀ ਪਹਿਲੀ ਵਰੇਗੰਢ ਮਨਾਈ

# ਪੰਜਾਂ ਵਿੱਚੋਂ ਇੱਕ ਭਾਰਤੀ ਔਰਤ PCOS ਤੋਂ ਪੀੜਤ ਹੈ : ਗਾਇਨੀਕੋਲੋਜਿਸਟ

• ਮੋਹਾਲੀ

ਪ੍ਰਜਨਨ ਯੁੱਗ ਵਿੱਚ ਔਰਤਾਂ ਦੀ ਵੱਧਦੀ ਗਿਣਤੀ ਇੱਕ ਹਾਰਮੋਨਲ ਵਿਕਾਰ ਤੋਂ ਪੀੜਤ ਹੈ ਜਿਸਨੂੰ ਪੋਲੀਸਿਸਟਿਕ ਓਵੇਰੀਅਨ ਸਿੰਡਰੋਮ (PCOS) ਕਿਹਾ ਜਾਂਦਾ ਹੈ। ਗਾਇਨੀਕੋਲੋਜਿਸਟ ਕਹਿੰਦੇ ਹਨ ਕਿ ਇਸ ਸਥਿਤੀ ਬਾਰੇ ਵਧੇਰੇ ਜਾਗਰੂਕਤਾ ਦੀ ਲੋੜ ਹੈ, ਜੋ ਜੀਵਨ ਭਰ ਲਈ ਲੰਮੀ ਰਹਿੰਦੀ ਹੈ ਅਤੇ ਇਸ ਨੂੰ ਸਹੀ ਖੁਰਾਕ ਅਤੇ ਜੀਵਨ ਸ਼ੈਲੀ ਦੁਆਰਾ ਨਿਯੰਤਰਿਤ ਕੀਤਾ ਜਾ ਸਕਦਾ ਹੈ।

ਅੰਦਾਜ਼ਨ ਪੰਜ ਵਿੱਚੋਂ ਇੱਕ (20%) ਭਾਰਤੀ ਔਰਤ PCOS ਤੋਂ ਪੀੜਤ ਹੈ। ਜੇਕਰ ਸਮੇਂ ਸਿਰ ਨਿਗਰਾਨੀ ਨਾ ਕੀਤੀ ਜਾਵੇ, ਤਾਂ ਸਥਿਤੀ ਦੇ ਸਿਹਤ 'ਤੇ ਗੰਭੀਰ ਪ੍ਰਭਾਵ ਪੈ ਸਕਦੇ ਹਨ।

ਗਾਇਨੀਕੋਲੋਜਿਸਟ ਆਈਵੀ ਹਸਪਤਾਲ ਅੰਮ੍ਰਿਤਸਰ, ਡਾ. ਜਗਪ੍ਰੀਤ ਨੇ ਕਿਹਾ ਕਿ ਪੀਸੀਓਐਸ ਕੋਈ ਬਿਮਾਰੀ ਨਹੀਂ ਹੈ, ਪਰ ਇੱਕ ਅਜਿਹੀ ਸਥਿਤੀ ਹੈ ਜੋ ਆਪਣੇ ਆਪ ਨੂੰ ਵੱਖ-ਵੱਖ ਤਰੀਕਿਆਂ ਨਾਲ ਪੇਸ਼ ਕਰ ਸਕਦੀ ਹੈ। "ਜਦੋਂ ਕਿ ਛੋਟੀ ਉਮਰ ਦੀਆਂ ਔਰਤਾਂ ਅਨਿਯਮਿਤ ਮਾਹਵਾਰੀ ਤੋਂ ਪੀੜਤ ਹੋ ਸਕਦੀਆਂ ਹਨ, ਹਿਰਸੁਟਿਜ਼ਮ (ਅਣਚਾਹੇ ਮਰਦ-ਪੈਟਰਨ ਵਾਲਾਂ ਦਾ ਵਾਧਾ) ਅਤੇ ਮੋਟਾਪੇ ਦਾ ਅਨੁਭਵ ਕਰ ਸਕਦੀਆਂ ਹਨ, ਥੋੜੀ ਵੱਡੀ ਉਮਰ ਦੇ ਸਮੂਹ ਵਿੱਚ, ਇਹ ਬਾਂਝਪਨ, ਗਰਭਪਾਤ ਦੇ ਜੋਖਮ ਅਤੇ ਹੋਰ ਬਹੁਤ ਕੁਝ ਦਾ ਕਾਰਨ ਬਣ ਸਕਦੀ ਹੈ। ਪੀਸੀਓਐਸ ਨਾਲ ਬੱਚੇ ਨੂੰ ਗਰਭ ਧਾਰਨ ਕਰਨਾ ਔਖਾ ਹੋ ਸਕਦਾ ਹੈ, ਇਸ ਗੱਲ ਦੀ ਲਗਭਗ 40% ਸੰਭਾਵਨਾ ਹੈ ਕਿ ਇੱਕ ਮਾਦਾ ਬੱਚੇ ਵਿੱਚ (PCOS) ਹੋ ਸਕਦਾ ਹੈ ਜੇਕਰ ਮਾਂ ਨੂੰ ਇਹ ਹੈ।




ਡਾ. ਜਗਪ੍ਰੀਤ ਨੇ ਕਿਹਾ ਕਿ (PCOS) ਵਾਲੀਆਂ ਔਰਤਾਂ ਨੂੰ ਡਾਇਬੀਟੀਜ਼, ਹਾਈ ਬਲੱਡ ਪ੍ਰੈਸ਼ਰ, ਅਤੇ ਹੋਰ ਸਿਹਤ ਸੰਬੰਧੀ ਜਟਿਲਤਾਵਾਂ ਹੋਣ ਦਾ ਜ਼ਿਆਦਾ ਖਤਰਾ ਹੁੰਦਾ ਹੈ। ਜਿੰਨਾ ਜ਼ਿਆਦਾ ਪੈਰੀਫਿਰਲ ਫੈਟ ਹੁੰਦਾ ਹੈ, ਓਨਾ ਹੀ ਹਾਰਮੋਨਲ ਅਸੰਤੁਲਨ ਹੁੰਦਾ ਹੈ। ਉਸਨੇ ਕਿਹਾ ਕਿ ਇੱਕ ਆਦਰਸ਼ ਬਾਡੀ ਮਾਸ ਇੰਡੈਕਸ (BMI) 25 ਹੈ ਪਰ ਜਦੋਂ ਕੋਈ ਮੋਟਾ ਹੁੰਦਾ ਹੈ, BMI 27-28 ਤੋਂ ਵੱਧ ਜਾਂਦਾ ਹੈ ਅਤੇ ਇਹ ਚਿੰਤਾਜਨਕ ਹੋ ਜਾਂਦਾ ਹੈ। ਪੀਸੀਓਐਸ ਇੱਕ ਜੀਵਨ ਭਰ ਦੀ ਸਿਹਤ ਸਥਿਤੀ ਹੈ ਪਰ ਕੋਈ ਵੀ ਇਸ ਨੂੰ ਸਹੀ ਖੁਰਾਕ ਅਤੇ ਆਦਰਸ਼ ਸਰੀਰ ਦੇ ਭਾਰ ਨਾਲ ਕਾਬੂ ਕਰ ਸਕਦਾ ਹੈ÷, ਡਾ. ਜਗਪ੍ਰੀਤ ਨੇ ਕਿਹਾ। ਡਾ. ਜਗਪ੍ਰੀਤ ਨੇ ਕਿਹਾ ਕਿ ਜ਼ਿਆਦਾਤਰ ਔਰਤਾਂ ਪੀਸੀਓਐਸ ਦੇ ਆਮ ਲੱਛਣਾਂ ਨੂੰ ਨਜ਼ਰਅੰਦਾਜ਼ ਕਰਦੀਆਂ ਹਨ ਅਤੇ ਡਾਕਟਰ ਕੋਲ ਉਦੋਂ ਹੀ ਆਉਂਦੀਆਂ ਹਨ ਜਦੋਂ ਉਨ੍ਹਾਂ ਨੂੰ ਗਰਭ ਧਾਰਨ ਕਰਨ ਵਿੱਚ ਮੁਸ਼ਕਲ ਆਉਂਦੀ ਹੈ। (PCOS) ਮਾੜੀ ਜੀਵਨ ਸ਼ੈਲੀ ਦੀਆਂ ਆਦਤਾਂ ਤੋਂ ਪੈਦਾ ਹੁੰਦਾ ਹੈ ਪਰ ਇਸਦੇ ਮਾੜੇ ਪ੍ਰਭਾਵ ਹਨ ਅਤੇ ਇਸਦਾ ਇਲਾਜ ਕੀਤਾ ਜਾਣਾ ਚਾਹੀਦਾ ਹੈ। ਕਿਉਂਕਿ ਇਹ ਜਾਨਲੇਵਾ ਨਹੀਂ ਹੈ, ਲੋਕ ਇਸ ਬਾਰੇ ਕਾਫ਼ੀ ਪਰਵਾਹ ਨਹੀਂ ਕਰਦੇ, ਉਸਨੇ ਕਿਹਾ।

# ਪਾਣੀ ਵਿੱਚ ਘਿਰੇ ਡੇਰਿਆਂ ਤੱਕ ਵੀ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਰਾਹਤ ਟੀਮਾਂ ਪਹੁੰਚਾਅ ਰਹੀਆਂ ਹਨ ਰਾਹਤ ਸਮੱਗਰੀ

■ ਪਿੰਡ ਜਗਤਪੁਰ ਕਲਾਂ ਦੇ ਵਸਨੀਕਾਂ ਨੂੰ ਖਾਣ-ਪੀਣ ਦੀ ਸਮੱਗਰੀ ਵੰਡਣ ਦੇ ਨਾਲ ਪਸ਼ੂਆਂ ਲਈ ਫੀਡ ਵੀ ਤਕਸੀਮ ਕੀਤੀ

• ਗੁਰਦਾਸਪੁਰ-ਨਵਨੀਤ ਕੁਮਾਰ

ਬਿਆਸ ਦਰਿਆ ਦਾ ਪਾਣੀ ਘੱਟਣ ਤੋਂ ਬਾਅਦ ਭਾਂਵੇ ਕਿ ਜਿਆਦਾਤਰ ਹੜ੍ਹ ਪ੍ਰਭਾਵਤ ਖੇਤਰ ਵਿੱਚ ਪਾਣੀ ਦਾ ਪੱਧਰ ਕਾਫੀ ਘੱਟ ਗਿਆ ਹੈ ਪਰ ਧੁੱਸੀ ਬੰਨ ਦੇ ਨਾਲ ਖੇਤਾਂ ਵਿੱਚ ਕੁਝ ਡੇਰੇ ਅਜੇ ਵੀ ਪਾਣੀ ਵਿੱਚ ਘਿਰੇ ਹੋਏ ਹਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਿਥੇ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਧੁੱਸੀ ਬੰਨ ਵਿੱਚ ਪਏ ਪਾੜ ਨੂੰ ਪੂਰਿਆ ਜਾ ਰਿਹਾ ਹੈ ਓਥੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਰਾਹਤ ਟੀਮਾਂ ਪਾਣੀ ਵਿੱਚ ਘਿਰੇ ਦੂਰ-ਦਰਾਜ਼ ਦੇ ਡੇਰਿਆਂ ਤੱਕ ਵੀ ਪਹੁੰਚ ਕਰਕੇ ਰਾਹਤ ਸਮੱਗਰੀ ਵੰਡ ਰਹੀਆਂ ਹਨ। ਜ਼ਿਲ੍ਹਾ ਪ੍ਰਸ਼ਾਸਨ ਦੀ ਰਾਹਤ ਟੀਮ ਜਿਸਦੀ ਅਗਵਾਈ ਮੁੱਖ ਖੇਤੀਬਾੜੀ ਅਫ਼ਸਰ ਡਾ. ਕ੍ਰਿਪਾਲ ਸਿੰਘ ਢਿੱਲੋਂ ਅਤੇ ਨਾਇਬ ਤਹਿਸੀਲਦਾਰ ਗੁਰਦਾਸਪੁਰ ਹਿਰਦੇਪਾਲ ਸਿੰਘ ਕਰ ਰਹੇ ਸਨ ਵੱਲੋਂ ਪਿੰਡ ਜਗਤਪੁਰ ਕਲਾਂ ਦੇ ਪਾਣੀ ਵਿੱਚ ਘਿਰੇ ਡੇਰਿਆਂ ਲਈ ਰਾਹਤ ਸਮੱਗਰੀ ਪਹੁੰਚਾਈ ਗਈ। ਜਗਤਪੁਰ ਕਲਾਂ ਦੇ ਨਜ਼ਦੀਕ ਹੀ ਧੁੱਸੀ ਬੰਨ ਵਿੱਚ ਪਾੜ ਪਿਆ ਹੈ ਅਤੇ ਓਥੋਂ ਲਗਾਤਾਰ ਪਾਣੀ ਪਿੰਡ ਅਤੇ ਪੂਰੇ ਇਲਾਕੇ ਵੱਲ ਆ ਰਿਹਾ ਹੈ। ਇਸ ਟੀਮ ਵੱਲੋਂ ਪਾਣੀ ਵਿੱਚੋਂ ਲੰਘ ਕੇ ਹੀ ਡੇਰਿਆਂ 'ਤੇ ਪਾਣੀ ਵਿੱਚ ਘਿਰੇ ਲੋਕਾਂ ਨੂੰ ਖਾਣ-ਪੀਣ ਦੀ ਸਮੱਗਰੀ ਦੇਣ ਦੇ ਨਾਲ ਪਸ਼ੂਆਂ ਲਈ ਫੀਡ ਵੀ ਵੰਡੀ ਗਈ। ਇਸ ਰਾਹਤ ਟੀਮ ਵਿੱਚ ਮਾਲ ਵਿਭਾਗ, ਖੇਤੀਬਾੜੀ ਵਿਭਾਗ ਅਤੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀ ਵੀ ਸ਼ਾਮਲ ਸਨ। ਇਸ ਮੌਕੇ ਰਾਹਤ ਟੀਮ ਨੇ ਪਿੰਡ ਜਗਤਪੁਰ ਕਲਾਂ ਵਿੱਚ ਵੀ ਲੋੜਵੰਦਾਂ ਨੂੰ ਰਾਹਤ ਸਮੱਗਰੀ ਵੰਡੀ



ਇਸੇ ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਪਿੰਡ ਜਗਤਪੁਰ ਕਲਾਂ ਸਮੇਤ ਹੜ੍ਹ ਪ੍ਰਭਾਵਤ ਇਲਾਕੇ ਦੇ ਵਸਨੀਕਾਂ ਨੂੰ ਕਿਹਾ ਹੈ ਕਿ ਉਹ ਬਿਲਕੁਲ ਨਾ ਘਬਰਾਉਣ ਪ੍ਰਸ਼ਾਸਨ ਉਨ੍ਹਾਂ ਦੇ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਧੁੱਸੀ ਦਾ ਬੰਨ ਬਹੁਤ ਜਲਦੀ ਬੰਨ ਲਿਆ ਜਾਵੇਗਾ ਜਿਸ ਤੋਂ ਬਾਅਦ ਇਹ ਇਲਾਕੇ ਵੀ ਪਾਣੀ ਦੀ ਮਾਰ ਤੋਂ ਬਚ ਜਾਣਗੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਲਗਾਤਾਰ ਉਨ੍ਹਾਂ ਤੱਕ ਰਾਹਤ ਸਮੱਗਰੀ ਪਹੁੰਚਾਈ ਜਾਵੇਗੀ। ਇਸਤੋਂ ਇਲਾਵਾ ਜਦੋਂ ਵੀ ਉਨ੍ਹਾਂ ਨੂੰ ਕੋਈ ਲੋੜ ਮਹਿਸੂਸ ਹੋਵੇ ਤਾਂ ਉਹ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਰੂਮ ਦੇ ਨੰਬਰ 1800-180-1852 'ਤੇ ਕਾਲ ਕਰ ਸਕਦੇ ਹਨ।

# ਹੜ੍ਹਾਂ ਵਰਗੇ ਹਾਲਾਤ ਨਾਂਲ ਪ੍ਰਭਾਵਿਤ ਪਿੰਡਾਂ ਦੇ ਦੌਰੇ ਲਗਾਤਾਰ ਜਾਰੀ

## ਸਾਰੀਆਂ ਥਾਵਾ ਤੇ ਕੀਤੀ ਜਾ ਰਹੀ ਹੈ ਪਹੁੰਚ

■ ਹੜ੍ਹਾਂ ਵਰਗੇ ਹਾਲਾਤ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਨਹੀਂ ਆਉਣ ਦਿੱਤੀ ਜਾਵੇਗੀ ਸਿਹਤ ਸਹੂਲਤਾਂ ਵਿੱਚ ਕਮੀ- ਡਾ.ਦਲਜੀਤ ਕੌਰ



• ਸ੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ

ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਵੱਲੋਂ ਲਗਾਤਾਰ ਹੜ੍ਹਾਂ ਵਰਗੇ ਹਾਲਾਤ ਨਾਲ ਪ੍ਰਭਾਵਿਤ ਪਿੰਡਾਂ ਦੇ ਦੌਰੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਸਿਹਤ ਸਬੰਧੀ ਕੋਈ ਵੀ ਪ੍ਰੇਸ਼ਾਨੀ ਨਹੀ ਆਉਣ ਦਿੱਤੀ ਜਾਵੇਗੀ ਅਤੇ ਸਿਹਤ ਸਹੂਲਤਾ ਮੈਡੀਕਲ ਕੈਂਪਾ ਰਾਹੀ ਉਨ੍ਹਾਂ ਦੇ ਘਰਾਂ ਨੇੜੇ ਦਿੱਤੀਆਂ ਜਾ ਰਹੀਆਂ ਹਨ। ਡਾ.ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਕੀਰਤਪੁਰ ਸਾਹਿਬ ਨੇ ਦੱਸਿਆ ਕਿ ਇਹਨਾਂ ਮੈਡੀਕਲ ਕੈਂਪਾਂ ਅਤੇ ਪ੍ਰਭਾਵਿਤ ਪਿੰਡਾਂ ਤੋਂ ਰੈਸਕਿਊ ਕਰਕੇ ਸ਼ਿਫਟ ਕੀਤੇ ਲੋਕਾਂ ਲਈ ਸਕੂਲਾਂ ਵਿੱਚ ਬਣਾਏ ਗਏ ਫਲੱਡ ਰਿਲੀਫ ਕੈਂਪਾਂ ਦਾ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ, ਡਾ.ਗਾਇਤਰੀ ਵਲ੍ਹੋਂ ਵੀ ਬੀਤੇ ਦਿਨ ਦੌਰਾ ਕੀਤਾ ਗਿਆ। ਡਾ.ਦਲਜੀਤ ਕੌਰ ਨੇ ਦੱਸਿਆ ਕਿ ਪਿੰਡ ਹਰੀਵਾਲ਼, ਚੰਦਪੁਰ, ਸ਼ਾਹਪੁਰ ਬੇਲਾ,ਮਹਿੰਦਲੀ ਕਲਾਂ,ਬੁਰਜ,ਗੱਜਪੁਰ,ਦਸਗਰਾਈਂ, ਲੋਦੀਪੁਰ, ਭਲਾਣ, ਭਨਾਮ, ਬੇਲਾ ਰਾਮਗੜ੍ਹ ਵਿਖੇ ਮੈਡੀਕਲ ਕੈਂਪ ਲਗਾਏ ਗਏ ਜਾ ਰਹੇ ਹਨ, ਜਿਸ ਵਿੱਚ 270 ਦੇ ਕਰੀਬ ਮਰੀਜ਼ਾਂ ਨੇ ਦਵਾਈ ਲਈ।

ਉਹਨਾਂ ਕਿਹਾ ਸਿਹਤ ਵਿਭਾਗ ਦੀਆਂ ਟੀਮਾਂ ਹਰ ਵੇਲੇ ਸਤਰਕ ਹਨ ਅਤੇ ਲੋਕਾਂ ਨੂੰ ਸਿਹਤ ਪੱਖੋਂ ਕੋਈ ਵੀ ਸਮੱਸਿਆ ਆਉਂਦੀ ਹੈ ਤਾਂ ਉਹ ਸਿਹਤ ਵਿਭਾਗ ਦੀਆਂ ਟੀਮਾਂ ਨਾਲ਼ ਸੰਪਰਕ ਕਰਨ। ਹੋਰ ਜਾਣਕਾਰੀ ਦਿੰਦਿਆਂ ਬਲਾਕ ਮੈਡੀਕਲ ਅਫਸਰ ਡਾ. ਜੰਗਜੀਤ ਸਿੰਘ ਨੇ ਦੱਸਿਆ ਕਿ ਹਰ ਜਗਾਂ ਤੇ ਪਹੁੰਚ ਕੀਤੀ ਜਾ ਰਹੀ ਹੈ ਤਾਂ ਜੋ ਕਿਸੇ ਵੀ ਬਿਮਾਰੀ ਦੀ ਆਊਟਬ੍ਰੇਕ ਨਾ ਹੋਵੇ।ਪ੍ਰਭਾਵਿਤ ਪਿੰਡਾਂ ਵਿੱਚ ਸਪਰੇਅ ਵੀ ਕਰਵਾਈ ਜਾ ਰਹੀ ਹੈ ਅਤੇ ਲੋਕਾਂ ਨੂੰ ਪੀਣ ਵਾਲ਼ੇ ਪਾਣੀ ਨੂੰ ਕਲੋਰੀਨੇਟ ਕਰਨ ਲਈ ਕਲੋਰੀਨ ਦੀਆਂ ਗੋਲ਼ੀਆਂ ਵੀ ਦਿੱਤੀਆਂ ਜਾ ਰਹੀਆਂ ਹਨ।ਹੈਲਥ ਇੰਸਪੈਕਟਰ ਬਲਵੰਤ ਰਾਏ ਨੇ ਦੱਸਿਆ ਕਿ ਇਹ ਮੈਡੀਕਲ ਕੈਂਪ ਲਗਾਤਾਰ ਇਸੇ ਤਰ੍ਹਾਂ ਜਾਰੀ ਰਹਿਣਗੇ।ਉਹਨਾਂ ਕਿਹਾ ਕਿ ਹੜ੍ਹਾਂ ਵਰਗੇ ਹਾਲਾਤ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਸਿਹਤ ਕਰਮਚਾਰੀਆਂ ਵਲ੍ਹੋਂ ਲਗਾਤਾਰ ਵਿਜ਼ਟਾਂ ਕੀਤੀਆਂ ਜਾ ਰਹੀਆਂ ਹਨ ਅਤੇ ਸਿਹਤ ਵਿਭਾਗ ਹਰ ਸੰਭਵ ਮੱਦਦ ਲਈ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ।

# ਬਿਸ (ਬਿਊਰੋ ਆਫ ਇੰਡੀਅਨ ਸਟੈਂਡਰਡ) ਵਲੋਂ ਲੰਗੜੋਆ ਸਕੂਲ ਵਿਖੇ ਵਿਸ਼ੇਸ਼ ਸਿਖਲਾਈ ਕੈਂਪ






• ਨਵਾਂਸ਼ਹਿਰ/ਜਤਿੰਦਰ ਪਾਲ ਸਿੰਘ ਕਲੇਰ

ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ ਜੋ ਕਿ ਭਾਰਤ ਦੀ ਰਾਸ਼ਟਰੀ ਮਿਆਰੀ ਸੰਸਥਾ ਹੈ ਵਲੋਂ ਅੱਜ ਚੰਡੀਗੜ੍ਹ ਤੋਂ ਆਈ ਵਿਸ਼ੇਸ਼ ਟੀਮ ਨੇ ਸਸਸਸ ਲੰਗੜੋਆ ਵਿਖੇ ਬੱਚਿਆਂ ਦਾ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਜਿਸ ਵਿਚ ਸੁਰੇਸ਼ ਜੈਨ ਵਲੋਂ ਬੱਚਿਆਂ ਨੂੰ ਖਾਣ ਪੀਣ ਤੇ ਹਰ ਤਰ੍ਹਾਂ ਦੇ ਸਮਾਨ ਦੀ ਗੁਣਵੱਤਾ ਦੀ ਜਾਣਕਾਰੀ ਸਾਂਝੀ ਕੀਤੀ ਗਈ ਉਹਨਾਂ ਕਿਹਾ ਕਿ ਭਾਰਤ ਦਾ ਸਰੀਰ. 'ਬਿਸ' ਮਾਲ ਦੇ ਮਾਨਕੀਕਰਨ, ਮਾਰਕਿੰਗ ਅਤੇ ਗੁਣਵੱਤਾ ਪ੍ਰਮਾਣੀਕਰਣ ਦੀਆਂ ਗਤੀਵਿਧੀਆਂ ਦੇ ਇਕਸੁਰਤਾਪੂਰਣ ਵਿਕਾਸ ਅਤੇ ਇਸ ਨਾਲ ਜੁੜੇ ਜਾਂ ਇਸ ਨਾਲ ਸੰਬੰਧਿਤ ਮਾਮਲਿਆਂ ਲਈ ਜ਼ਿੰਮੇਵਾਰ ਹੈ।ਇਸ ਮੌਕੇ ਤੇ ਬੱਚਿਆਂ ਨੂੰ ਟ?ਰੇਨਿੰਗ ਦੇਣ ਉਹਨਾਂ ਲਿਖਾਈ ਮੁਕਾਬਲੇ ਕਰਵਾਏ ਗਏ ਤੇ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਇਨਾਮ ਵੰਡੇ ਗਏ।ਸਿਸ ਵਿਚ ਨੇਹਾ,ਜਸਪ੍ਰੀਤ,ਰਾਜਵੀਰ ,ਕਿਰਨਜੋਤ ਕੌਰ ਨੂੰ ਕ੍ਰਮਵਾਰ 1000,750,500 ਨਕਦ ਇਨਾਮ ਤੇ ਹਰਪ੍ਰੀਤ ਕੌਰ ਨੂੰ 250 ਹੌਸਲਾ ਅਫ਼ਜ਼ਾਈ ਲਈ ਦ ਇੱਤਾ ਗਿਆ। ਇਸ ਮੌਕੇ ਸਕੂਲ ਮੁਖੀ ਡਾਕਟਰ ਸੁਰਿੰਦਰ ਪਾਲ ਅਗਨੀਹੋਤਰੀ ਤੇ ਵਾਈਸ ਪ੍ਰਿੰਸੀਪਲ ਮੈਡਮ ਗੁਨੀਤ ਵਲੋਂ ਆਈ ਹੋਈ ਬਿਸ ਟੀਮ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਸਕੂਲ ਦੇ ਬਲਦੀਪ ਸਿੰਘ, ਇੰਚਾਰਜ ਮੈਡਮ ਸਪਨਾ, ਪ੍ਰਦੀਪ ਕੌਰ, ਗੁਰਪ੍ਰੀਤ ਸਿੰਘ, ਸੁਮੀਤ ਸੋਢੀ, ਨੀਰਜ ਬਾਲੀ, ਕਲਪਨਾ ਬੀਕਾ, ਜਸਵਿੰਦਰ ਕੌਰ, ਮਨਮੋਹਨ ਸਿੰਘ ਤੋਂ ਇਲਾਵਾ ਵਿਦਿਆਰਥੀ ਹਾਜ਼ਰ ਸਨ

# ਵਿਜੀਲੈਂਸ ਵੱਲੋਂ ਰਿਸ਼ਵਤ ਦੇ ਮਾਮਲੇ ਵਿੱਚ ਫਰਾਰ ਏ.ਐਸ.ਆਈ. ਗ੍ਰਿਫ਼ਤਾਰ



■ ਮੁਲਜ਼ਮ ਨੇ ਜ਼ਬਤ ਕੀਤੇ ਆਟੋ-ਰਿਕਸ਼ਾ ਨੂੰ ਛੱਡਣ ਬਦਲੇ ਲਈ ਸੀ ਰਿਸ਼ਵਤ

• ਚੰਡੀਗੜ੍ਹ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ

ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੱਜ ਲੁਧਿਆਣਾ ਜ਼ਿਲ੍ਹੇ ਦੇ ਥਾਣਾ ਸੁਧਾਰ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਗੁਰਮੀਤ ਸਿੰਘ ਨੂੰ ਰਿਸ਼ਵਤ ਦੇ ਇੱਕ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਭ੍ਰਿਸ਼ਟਾਚਾਰ ਰੋਕੂ ਐਕਟ ਦੀ ਧਾਰਾ 7 ਅਧੀਨ ਮਿਤੀ 16.06.2023 ਨੂੰ ਥਾਣਾ ਸੁਧਾਰ ਵਿਖੇ ਐਫ.ਆਈ.ਆਰ ਨੰਬਰ 48 ਦਰਜ ਕੀਤੀ ਗਈ ਸੀ ਅਤੇ ਬਾਅਦ ਵਿੱਚ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਬਿਊਰੋ ਲੁਧਿਆਣਾ ਰੇਂਜ ਨੂੰ ਸੌਂਪ ਦਿੱਤੀ ਗਈ ਸੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਏ.ਐਸ.ਆਈ. ਗੁਰਮੀਤ ਸਿੰਘ ਨੇ ਉਸ ਦਾ ਜ਼ਬਤ ਕੀਤਾ ਆਟੋ ਰਿਕਸ਼ਾ ਛੱਡਣ ਬਦਲੇ 1500 ਰੁਪਏ ਰਿਸ਼ਵਤ ਲਈ ਸੀ ਅਤੇ ਮੁਲਜ਼ਮ ਏ.ਐਸ.ਆਈ. ਨੇ ਇਸ ਤੋਂ ਪਹਿਲਾਂ ਵੀ ਉਸ ਕੋਲੋਂ 2500 ਰੁਪਏ ਰਿਸ਼ਵਤ ਲਈ ਸੀ।ਸ਼ਿਕਾਇਤਕਰਤਾ ਨੇ ਉਕਤ ਏ.ਐਸ.ਆਈ. ਦੀ ਉਸ ਕੋਲੋਂ 1500 ਰੁਪਏ ਰਿਸ਼ਵਤ ਲੈਂਦੇ ਹੋਏ ਦੀ ਵੀਡੀਓ ਵੀ ਪੇਸ਼ ਕੀਤੀ ਸੀ। ਉਨ੍ਹਾਂ ਦੱਸਿਆ ਕਿ ਉਕਤ ਏ.ਐਸ.ਆਈ. ਫਰਾਰ ਸੀ ਅਤੇ ਉਸਦੀ ਅਗਾਊਂ ਜ਼ਮਾਨਤ ਵਧੀਕ ਸੈਸ਼ਨ ਜੱਜ, ਲੁਧਿਆਣਾ ਦੀ ਅਦਾਲਤ ਨੇ ਖਾਰਜ ਕਰ ਦਿੱਤੀ ਸੀ। ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਬਿਊਰੋ ਲੁਧਿਆਣਾ ਰੇਂਜ ਦੀ ਟੀਮ ਨੇ ਅੱਜ ਏ.ਐਸ.ਆਈ. ਗੁਰਮੀਤ ਸਿੰਘ ਨੂੰ ਬਰਨਾਲਾ ਜ਼ਿਲ੍ਹੇ ਦੇ ਪਿੰਡ ਗਾਗੇਵਾਲ ਤੋਂ ਗ੍ਰਿਫ਼ਤਾਰ ਕੀਤਾ ਹੈ ਅਤੇ ਉਸ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# 11 ਬੋਤਲਾ ਮਾਲਵਾ ਨੰਬਰ -1 ਪੰਜਾਬ ਦੀ ਸ਼ਰਾਬ ਸਮੇਤ ਇਕ ਕਾਬੂ

• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਮਾਨਯੋਗ ਸੀਨੀਅਰ ਪੁਲਿਸ ਕਪਤਾਨ ਰੂਪਨਗਰ ਸ਼੍ਰੀ ਵਿਵੇਕ ਸ਼ੀਲ ਸੋਨੀ, ਆਈ ਪੀ ਐਸ ਜੀ ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਸਖਤ ਕਦਮ ਚੁੱਕਣ ਦੇ ਆਦੇਸ਼ ਕੀਤੇ ਗਏ ਸਨ।ਜਿਹਨਾਂ ਦੀਆ ਹਦਾਇਤਾਂ ਅਨੁਸਾਰ ਸ਼੍ਰੀ ਅਜੇ ਸਿੰਘ ਪੀ ਪੀ ਐਸ, ਡੀ.ਐਸ.ਪੀ.,ਸਬ-ਡਵੀਜਨ ਸ਼੍ਰੀ ਅਨੰਦਪੁਰ ਸਾਹਿਬ ਦੀ ਦੇ ਨਿਗਰਾਨੀ ਹੇਠ ਇੰਸਪੈਕਟਰ ਹਰਕੀਰਤ ਸਿੰਘ ਮੁੱਖ ਅਫਸਰ ਥਾਣਾ ਸ਼੍ਰੀ ਅਨੰਦਪੁਰ ਸਾਹਿਬ ਅਤੇ ਸਬ ਇੰਸਪੈਕਟਰ ਗੁਰਮੁੱਖ ਸਿੰਘ ਇੰਚਾਰਜ ਪੁਲਿਸ ਚੌਕੀ ਸ਼੍ਰੀ ਅਨੰਦਪੁਰ ਸਾਹਿਬ ਵੱਲੋਂ ਵੱਖ ਵੱਖ ਟੀਮਾਂ ਬਣਾ ਕੇ ਪਿਛਲੇ ਅਰਸੇ ਦੌਰਾਨ ਵੱਡੇ ਪੱਧਰ ਤੇ ਕਾਰਵਾਈ ਆਰੰਭੀ ਗਈ ਸੀ ਅਤੇ ਕਾਫੀ ਨਸ਼ਾ ਤਸਕਰਾ ਨੂੰ ਕਾਬੂ ਕੀਤਾ ਜਾ ਚੁੱਕਾ ਹੈ।ਜੋ ਇਸੇ ਮੁਹਿੰਮ ਤਹਿਤ ਅੱਜ ਮਿਤੀ 19.08.2023 ਨੂੰ ASI ਕੇਵਲ ਕ੍ਰਿਸ਼ਨ ਪੁਲਿਸ ਚੌਕੀ ਸਿਟੀ ਸ਼੍ਰੀ ਅਨੰਦਪੁਰ ਸਾਹਿਬ ਸਮੇਤ 83 ਪ੍ਰੇਮ ਕੁਮਾਰ PHG ਗੁਰਮੀਤ ਸਿੰਘ, PHG ਮਲਕੀਤ ਸਿੰਘ ਦੇ ਅਧਾਰਤ ਪੁਲਿਸ ਪਾਰਟੀ ਵੱਲੋ ਖੁਫੀਆ ਇਤਲਾਹ ਦੇ ਅਧਾਰ ਤੇ ਸ਼੍ਰੀ ਅਨੰਦਪੁਰ ਸਾਹਿਬ ਦੇ ਸ਼ਮਸ਼ਾਨ ਘਾਟ ਦੇ ਪਾਸ ਵਿਜੈ ਕੁਮਾਰ ਪੁੱਤਰ ਬਿਚਈ ਲਾਲ ਵਾਸੀ ਕਿਸਾਨ ਹਵੇਲੀ ਰੋਡ ਪਿੰਡ ਸਹੋਟਾ ਸ਼੍ਰੀ ਅਨੰਦਪੁਰ ਸਾਹਿਬ ਨੂੰ ਕਾਬੂ ਕਰਕੇ ਉਸਦੇ ਕਬਜ਼ਾ ਵਿੱਚੋਂ 11 ਬੋਤਲਾ ਮਾਲਵਾ ਨੰਬਰ 01 ਪੰਜਾਬ ਦੀ ਸ਼ਰਾਬ ਬ੍ਰਾਮਦ ਕੀਤੀ।ਉਕਤ ਦੋਸ਼ੀ ਦੇ ਖਿਲਾਫ ਮੁਕੱਦਮਾ ਨੰਬਰ 102 ਮਿਤੀ 19.08.2023 ਅ/ਧ 61-1-14 Excise Act ਥਾਣਾ ਸ਼੍ਰੀ ਅਨੰਦਪੁਰ ਸਾਹਿਬ ਦਰਜ ਕੀਤਾ ਗਿਆ ਹੈ।ਦੋਸ਼ੀ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ ਅਤੇ ਇਸ ਦੇ ਨਾਲ ਇਸ ਧੰਦੇ ਵਿੱਚ ਸ਼ਾਮਲ ਹੋਰ ਵਿਅਕਤੀਆਂ ਬਾਰੇ ਡੂੰਘਾਈ ਨਾਲ ਪੁਛਗਿੱਛ ਕੀਤੀ ਜਾ ਰਹੀ ਹੈ।

# ਅਵਿਨਾਸ਼ ਰਾਏ ਖੰਨਾ ਸਾਬਕਾ ਸਾਂਸਦ ਮੈਂਬਰ ਅਤੇ ਰਾਜ ਸਭਾ ਮੈਂਬਰ ਪਭਾਰੀ ਹਿਮਾਚਲ ਪ੍ਰਦੇਸ਼ ਨੇ ਅੱਜ ਪਿੰਡ ਜਲਾਲਪੁਰ ਪਹੁੰਚ ਕੇ ਸੁਆਮੀ ਦਿਆਲ ਦਾਸ ਜੀ ਤੌਂ ਅਸ਼ੀਰਵਾਦ ਪ੍ਰਾਪਤ ਕੀਤਾ



• ਨਵਾਂਸ਼ਹਿਰ /ਕਾਠਗੜ੍ਹ /ਜਤਿੰਦਰ ਪਾਲ ਸਿੰਘ ਕਲੇਰ

ਅੱਜ ਸਾਬਕਾ ਸਾਂਸਦ ਮੈਂਬਰ ਅਤੇ ਰਾਜ ਸਭਾ ਮੈਂਬਰ ਪ?ਭਾਰੀ ਹਿਮਾਚਲ ਪ੍ਰਦੇਸ਼ ਅਵਿਨਾਸ਼ ਰਾਏ ਖੰਨਾ ਨੇ ਉਚੇਚੇ ਤੌਰ ਤੇ ਕੁਟੀਆ ਬਾਬਾ ਸਰਵਣ ਦਾਸ ਜੀ ਮਹਾਰਾਜ ਪਿੰਡ ਜਲਾਲਪੁਰ ਪਹੁੰਚ ਕੇ ਡੇਰੇ ਦੇ ਗੱਦੀ ਨਸ਼ੀਨ ਸੁਆਮੀ ਦਿਆਲ ਦਾਸ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਡੇਰੇ ਵਿੱਚ ਹਾਜਰੀ ਲਗਵਾਈ ਇਸ ਮੌਕੇ ਉਨ੍ਹਾਂ ਨਾਲ ਉੱਘੇ ਸਮਾਜ ਸੇਵੀ ਦੁਰਗੇਸ਼ ਜੰਡੀ, ਰਾਜਵਿੰਦਰ ਸਿੰਘ ਲੱਕੀ ਸੀਨੀਅਰ ਆਗੂ ਬੀ ਜੇ ਪੀ, ਨੰਦ ਕਿਸ਼ੋਰ, ਬਲਦੇਵ ਬਾਠ, ਚਮਨ ਲਾਲ ਭਾਟੀਆ, ਮਹੰਤ ਦਰਸ਼ਨ ਲਾਲ ਜਲਾਲਪੁਰ, ਰਾਮ ਸ਼ਾਹ ਬਜਾੜ, ਜੈਕੀ ਬਜਾੜ, ਸੇਠੀ ਬਜਾੜ, ਵਿਜੇ ਨੰਬਰਦਾਰ, ਧਰਮਪਾਲ ਬਜਾੜ, ਰਾਮ ਪਾਲ ਬਜਾੜ, ਵੇਦ ਬਜਾੜ ਆਦਿ ਸਨ।

ਅਦਾਰਾ ਲੋਕ ਬਾਣੀ ਵਿੱਚ ਛਾਪੀਆਂ ਜਾਂਦੀਆਂ ਖਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇਨ੍ਹਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸਮੱਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ਼ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ ਖਬਰਾਂ ਪ੍ਰਤੀ ਜੁਮੇਵਾਰੀ ਸੰਬਧਤ ਪੱਤਰਕਾਰ ਦੀ ਹੋਵੇਗੀ।

# ਪੰਜਾਬ ਵਿੱਚ ਡਰੋਨ ਛਿੜਕਾਅ ਜਾਗਰੂਕਤਾ ਮੁਹਿੰਮ ਲਾਂਚ

• ਬਠਿੰਡਾ

ਖੇਤੀਬਾੜੀ ਵਿੱਚ ਡਰੋਨ ਦੀ ਵੱਧ ਰਹੀ ਮਹੱਤਤਾ ਨੂੰ ਉਜਾਗਰ ਕਰਨ ਲਈ ਸਿੰਜੈਂਟਾ ਇੰਡੀਆ ਨੇ ਪੰਜਾਬ ਅਤੇ ਹਰਿਆਣਾ ਵਿੱਚ ਇੱਕ ਵਿਸ਼ੇਸ਼ ਜਾਗਰੂਕਤਾ ਮੁਹਿੰਮ ਚਲਾਈ। ਇੱਕੋ ਸਮੇਂ 100 ਡਰੋਨਾਂ ਦੀ ਵਰਤੋਂ ਕਰਕੇ ਸਿੰਜੇਂਟਾ ਦੇ ਉੱਨਤ ਫਸਲ ਸੁਰੱਖਿਆ ਹੱਲ 'ਇੰਸੀਪੀਓ' ਦਾ ਛਿੜਕਾਅ ਕਰਨ ਦਾ ਲਾਈਵ ਡੈਮੋ ਦਿਖਾਇਆ ਗਿਆ। ਇਸ ਦੇ ਜ਼ਰੀਏ, ਸਿੰਜੇਂਟਾ ਨੇ ਟਿਕਾਊ ਖੇਤੀ ਨੂੰ ਅੱਗੇ ਵਧਾਉਣ ਲਈ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਿਆ ਹੈ। ਮੁੱਖ ਮਹਿਮਾਨ ਅਤੇ ਮੁੱਕੇਬਾਜ਼ੀ ਵਿੱਚ ਓਲੰਪਿਕ ਕਾਂਸੀ ਤਮਗਾ ਜੇਤੂ ਵਿਜੇਂਦਰ ਸਿੰਘ ਨੇ ਸਿੰਜੈਂਟਾ ਇੰਡੀਆ ਵੱਲੋਂ ਕਿਸਾਨਾਂ ਨੂੰ ਖੇਤੀ ਵਿੱਚ ਡਰੋਨ ਤਕਨੀਕ ਦੀ ਵਰਤੋਂ ਬਾਰੇ ਜਾਗਰੂਕ ਕਰਨ ਲਈ ਕੀਤੇ ਜਾ ਰਹੇ ਨਿਵੇਕਲੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ, 'ਡਰੋਨ ਦੀ ਵਰਤੋਂ ਖੇਤੀਬਾੜੀ ਲਈ ਗੇਮ-ਚੇਂਜਰ ਸਾਬਤ ਹੋਵੇਗੀ। ਇਹ ਨਾ ਸਿਰਫ਼ ਸਾਡੇ ਨੌਜਵਾਨਾਂ ਲਈ ਰੁਜ਼ਗਾਰ ਅਤੇ ਉੱਦਮ ਦੇ ਨਵੇਂ ਮੌਕੇ ਪੈਦਾ ਕਰੇਗਾ, ਸਗੋਂ ਸਾਡੇ ਕਿਸਾਨਾਂ ਦੀ ਕੁਸ਼ਲਤਾ ਨੂੰ ਵੀ ਵਧਾਏਗਾ ਅਤੇ ਪੈਦਾਵਾਰ ਵਧਾਉਣ ਵਿੱਚ ਮਦਦ ਕਰੇਗਾ।'

ਸੁਸ਼ੀਲ ਕੁਮਾਰ, ਕੰਟਰੀ ਹੈੱਡ ਅਤੇ ਮੈਨੇਜਿੰਗ ਡਾਇਰੈਕਟਰ, ਸਿੰਜੇਂਟਾ ਇੰਡੀਆ ਨੇ ਖੇਤੀਬਾੜੀ ਨੂੰ ਟਿਕਾਊ ਬਣਾਉਣ ਵਿੱਚ ਤਕਨਾਲੋਜੀ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਖੇਤੀ ਉਤਪਾਦਕਤਾ ਨੂੰ ਹੁਲਾਰਾ ਦੇਣ ਅਤੇ ਕਿਸਾਨਾਂ ਦੇ ਸਸ਼ਕਤੀਕਰਨ ਵਿੱਚ ਡਰੋਨਾਂ ਦੀ ਵਧ ਰਹੀ ਭੂਮਿਕਾ ਦੇ ਮੱਦੇਨਜ਼ਰ, ਸਿੰਜੈਂਟਾ ਇੰਡੀਆ ਦੀ ਇਸ ਪਹਿਲਕਦਮੀ ਦਾ ਉਦੇਸ਼ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਆਧੁਨਿਕ ਖੇਤੀ ਅਭਿਆਸਾਂ ਦੇ ਲਾਭ ਅਤੇ ਉਪਯੋਗ ਪ੍ਰਦਾਨ ਕਰਕੇ ਖੇਤੀਬਾੜੀ ਵਿੱਚ ਕ੍ਰਾਂਤੀ ਲਿਆਉਣਾ ਹੈ ਅਤੇ ਇਸ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। 'ਸਿੰਜੈਂਟਾ ਇੰਡੀਆ' ਦੀ ਡਰੋਨ ਸਪਰੇਅ ਪਹਿਲਕਦਮੀ ਵਿੱਚ ਦੇਸ਼ ਭਰ ਵਿੱਚ 500 ਖੇਤੀਬਾੜੀ ਡਰੋਨਾਂ ਦੀ ਇੱਕ ਪ੍ਰਭਾਵਸ਼ਾਲੀ ਫਲੀਟ ਤਾਇਨਾਤ ਕਰਨਾ ਸ਼ਾਮਲ ਹੈ, ਜਿਸ ਨਾਲ ਇਹ ਭਾਰਤ ਵਿੱਚ ਸਭ ਤੋਂ ਵੱਡਾ ਖੇਤੀ ਡਰੋਨ ਫਲੀਟ ਬਣ ਗਿਆ ਹੈ।

# ਸਯੁੰਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਬਲਾਚੌਰ ਵਿੱਚ ਧਰਨਾ ਦਿੱਤਾ ਗਿਆ

## ਪੰਜਾਬ ਦੇ ਬਲਾਚੌਰ ਵਿੱਚ ਵਿਧਾਇਕ ਦੇ ਘਰ ਦਾ ਘਿਰਾਓ ਕਰਕੇ ਹੜ੍ਹਾਂ ਕਾਰਨ ਹੋਈ ਭਾਰੀ ਤਬਾਹੀ ਦੇ ਮੁਆਵਜ਼ੇ ਅਤੇ ਹੜ੍ਹਾਂ ਦੀ ਰੋਕਥਾਮ ਲਈ ਮੰਗ ਪੱਤਰ ਦਿੱਤਾ ਗਿਆ

• ਬਲਾਚੌਰ/ਜਤਿੰਦਰ ਪਾਲ ਸਿੰਘ ਕਲੇਰ

ਜਿਵੇਂ ਕਿ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ। ਕਾਰਪੋਰੇਟ ਮੁਨਾਫ਼?ਆਂ ਦੀ ਅੰਨ੍ਹੀ ਲਾਲਸਾ ਦੇ ਨਤੀਜੇ ਵਜੋਂ ਵਧ ਰਹੀ ਗਲੋਬਲ ਵਾਰਮਿੰਗ ਅਤੇ ਪਹਾੜਾਂ ਵਿੱਚ ਸੈਰ-ਸਪਾਟਾ ਉਦਯੋਗ ਦੁਆਰਾ ਪਹਾੜਾਂ ਅਤੇ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਕੁਦਰਤੀ ਤੌਰ 'ਤੇ ਵਿਸ਼ਵ ਵਿੱਚ ਤੇਜ਼ੀ ਨਾਲ ਜਲਵਾਯੂ ਤਬਦੀਲੀ ਦਾ ਕਾਰਨ ਬਣ ਰਹੀ ਹੈ। ਜਿਸ ਕਾਰਨ ਬੇਮੌਸਮੀ ਅਤੇ ਬੇਮੌਸਮੀ ਬਰਸਾਤ, ਬੱਦਲ ਫਟਣ ਵਰਗੀਆਂ ਘਟਨਾਵਾਂ ਵਿੱਚ ਹੈਰਾਨੀਜਨਕ ਵਾਧਾ ਦਰਜ ਕੀਤਾ ਜਾ ਰਿਹਾ ਹੈ। ਨਤੀਜੇ ਵਜੋਂ ਜਿੱਥੇ ਪਹਾੜਾਂ ਅਤੇ ਮੈਦਾਨੀ ਇਲਾਕਿਆਂ ਵਿੱਚ ਬਾਰਿਸ਼ ਹੋ ਰਹੀ ਹੈ, ਉੱਥੇ ਹੀ ਦੂਜੇ ਪਾਸੇ ਕੁਝ ਇਲਾਕੇ ਹੜ੍ਹਾਂ ਦੀ ਮਾਰ ਵੀ ਝੱਲ ਰਹੇ ਹਨ।

ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਭਲਾਈ ਨੀਤੀਆਂ ਵਿੱਚ ਬਦਲਾਅ ਕਰਕੇ ਸਟਾਫ਼ ਅਤੇ ਬਜਟ ਵਿੱਚ ਕਟੌਤੀ ਕਰਕੇ ਵੱਖ-ਵੱਖ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਨੇ ਸਮੱਸਿਆ ਹੋਰ ਵਧਾ ਦਿੱਤੀ ਹੈ। ਇਸ ਨੀਤੀ ਦੇ ਨਤੀਜੇ ਵਜੋਂ ਸਰਕਾਰੀ ਅਮਲਾ ਵੀ ਉਦਾਸੀਨਤਾ ਦੀ ਨੀਤੀ ਅਪਣਾ ਲੈਂਦਾ ਹੈ, ਜਿਸ ਦੇ ਸਿੱਟੇ ਵਜੋਂ ਦਰਿਆਵਾਂ ਦੇ ਬੰਨ੍ਹਾਂ ਨੂੰ ਮਜ਼ਬੂਤ ??ਕਰਨਾ, ਦਰਿਆਵਾਂ, ਨਾਲਿਆਂ ਅਤੇ ਨਹਿਰਾਂ ਆਦਿ ਦੀ ਸਫਾਈ ਆਦਿ ਸਭ ਅਣਗਹਿਲੀ ਦਾ ਸ਼ਿਕਾਰ ਹੋ ਜਾਂਦੇ ਹਨ। ਸਥਿਤੀ ਇਹ ਹੈ ਕਿ ਥਾਂ-ਥਾਂ ਤੋਂ ਬਣਾਏ ਜਾ ਰਹੇ ਹਾਈਵੇਅ ਦੇ ਨੁਕਸਦਾਰ ਢਾਂਚੇ ਤਹਿਤ ਦਰਿਆਵਾਂ 'ਤੇ ਪੁਲ ਅਤੇ ਹੋਰ ਕਰਾਸਿੰਗ ਬਣਾਉਣ ਸਮੇਂ ਪਾਣੀ ਦੀ ਸੁਚੱਜੀ ਨਿਕਾਸੀ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਤਾਲਮੇਲ ਮਹਿਜ਼ ਕਾਗਜ਼ੀ ਸਪਲਾਈ ਤੋਂ ਵੱਧ ਕੁਝ ਨਹੀਂ ਹੈ।

ਕੇਂਦਰ ਸਰਕਾਰ ਵੱਲੋਂ ਪੰਜਾਬ ਤੋਂ ਦਰਿਆਈ ਪਾਣੀਆਂ ਦੇ ਵੱਡੇ ਕੰਮਾਂ ਦਾ ਕੰਟਰੋਲ ਖੋਹਣ, ਰਿਪੇਰੀਅਨ ਸਿਧਾਂਤ ਨੂੰ ਨਜ਼ਰਅੰਦਾਜ਼ ਕਰਨ ਅਤੇ ਪਾਣੀਆਂ ਦੇ ਮੁੱਦੇ 'ਤੇ ਦਬਾਅ ਬਣਾਉਣ ਕਾਰਨ ਪੰਜਾਬ ਪਹਿਲਾਂ ਹੀ ਦੁਖੀ ਹੈ। ਇੱਕ ਪਾਸੇ ਸੂਬਾ ਹੜ੍ਹਾਂ ਦਾ ਨੁਕਸਾਨ ਝੱਲਦਾ ਹੈ ਪਰ ਜਦੋਂ ਇਸ ਨੁਕਸਾਨ ਲਈ ਰਾਹਤ ਪੈਕੇਜ ਦੇਣ ਦੀ ਗੱਲ ਆਉਂਦੀ ਹੈ ਤਾਂ ਕੇਂਦਰ ਸਰਕਾਰ ਬੁਖਲਾਹਟ ਵਿੱਚ ਆ ਜਾਂਦੀ ਹੈ, ਇਸ ਸਭ ਦਾ ਨਤੀਜਾ ਅੱਜ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਨਦੀਆਂ, ਨਦੀਆਂ, ਨਦੀਆਂ ਵਿਚ ਵਧ ਰਹੇ ਪਾਣੀ ਨੇ ਹੜ੍ਹਾਂ ਦੇ ਰੂਪ ਵਿਚ ਵਿਆਪਕ ਤਬਾਹੀ ਮਚਾਈ ਹੈ ਅਤੇ ਕਈ ਥਾਵਾਂ 'ਤੇ ਬੰਨ੍ਹ ਟੁੱਟ ਗਏ ਹਨ। ਲੱਖਾਂ ਏਕੜ ਫਸਲ ਤਬਾਹ ਹੋ ਗਈ ਹੈ। ਗਾਰ ਅਤੇ ਰੇਤ ਦੀ ਭਰਾਈ ਕਾਰਨ ਹਜ਼ਾਰਾਂ ਏਕੜ ਜ਼ਮੀਨ ਦਾ ਨੁਕਸਾਨ ਹੋਇਆ ਹੈ। ਕਈ ਕਿਸਾਨਾਂ ਦੇ ਟਿਊਬਵੈੱਲ ਖਰਾਬ ਹੋ ਚੁੱਕੇ ਹਨ। ਲੋਕਾਂ ਦੀ ਜਾਨ-ਮਾਲ ਦਾ ਹਜ਼ਾਰਾਂ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਜਾਨਵਰਾਂ ਦੀ ਮੌਤ ਅਤੇ ਘਰਾਂ ਵਿੱਚ ਵਾਧਾ. ਇਸ ਦੇ ਨਾਲ ਹੀ ਉਹ ਕਰਜ਼ੇ ਦੀਆਂ ਕਿਸ਼ਤਾਂ ਨੂੰ ਲੈ ਕੇ ਵੀ ਜ਼ਿਆਦਾ ਚਿੰਤਤ ਹਨ। ਜਿਸ ਕਾਰਨ ਅੱਜ ਉਨ੍ਹਾਂ ਨੇ ਵਿਧਾਇਕ ਸੰਤੋਸ਼ ਕਟਾਰੀਆ ਦੇ ਘਰ ਦਾ ਘਿਰਾਓ ਕੀਤਾ ਅਤੇ ਮੰਗ ਪੱਤਰ ਦਿੱਤਾ, ਜਿਸ ਵਿੱਚ ਉਨ੍ਹਾਂ ਕਿਹਾ ਕਿ ਜਲਦੀ ਤੋਂ ਜਲਦੀ ਗਿਰਦਾਵਰੀ ਕਰਵਾਈ ਜਾਵੇ ਅਤੇ ਲੋਕਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਸੁਰਿੰਦਰ ਸਿੰਘ ਬੈਂਸ, ਕੌਮੀ ਕਿਸਾਨ ਯੂਨੀਅਨ ਦੇ ਪ੍ਰਧਾਨ ਨਿਰਮਲ ਸਿੰਘ ਔਜਲਾ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਅਵਤਾਰ ਸਿੰਘ, ਮਹਾਂ ਸਿੰਘ ਰੌੜੀ, ਹੁਸਨ ਚੰਦ ਮਝੋਟ ਪੰਜਾਬ ਕਿਸਾਨ ਸਭਾ, ਗੁਰਪ੍ਰੀਤ ਗੁੱਜਰ, ਹਜ਼ੂਰਾ ਸਿੰਘ ਪਾਲੀ, ਹਰਵਿੰਦਰ ਸਿੰਘ ਚਹਿਲ, ਕਾਮਰੇਡ ਪਰਮਿੰਦਰ ਮੇਨਕਾ, ਅਸ਼ੋਕ ਕਲੇਰ, ਸੋਹਣ ਸਿੰਘ। ਆਦਿ ਹਾਜ਼ਰ ਸਨ।












# ਇਤਿਹਾਸ ਦਰਸਾਉਂਦੀ ਫਿਲਮ 'ਮਸਤਾਨੇ' ਦਾ ਪਹਿਲਾ ਸ਼ਕਤੀਸ਼ਾਲੀ ਗੀਤ 'ਸ਼ਹਿਜ਼ਾਦਾ' ਹੋਇਆ ਰਿਲੀਜ਼, ਫਿਲਮ 25 ਅਗਸਤ 2023 ਨੂੰ ਸਿਨਮਾ ਘਰਾਂ ਵਿਚ ਹੋਵੇਗੀ ਰਿਲੀਜ਼ !!

• ਚੰਡੀਗੜ੍ਹ

ਬਹੁ-ਉਡੀਕੀ ਜਾ ਰਹੀ ਫਿਲਮ 'ਮਸਤਾਨੇ' ਨੇ ਆਪਣੇ ਦਮਦਾਰ ਟਰੈਕ 'ਸ਼ਹਿਜ਼ਾਦਾ' ਰਿਲੀਜ਼ ਕੀਤਾ ਹੈ। ਇਹ ਗੀਤ ਕੰਵਰ ਗਰੇਵਾਲ, ਕੁਲਬੀਰ ਝਿੰਜਰ, ਅੰਮ੍ਰਿਤ ਮਾਨ, ਤਰਸੇਮ ਜੱਸੜ, ਅਤੇ ਪਵਿੱਤਰ ਲਸੋਈ ਦੀ ਮਨਮੋਹਕ ਅਤੇ ਦਿਲ ਛੂਹ ਲੈਣ ਵਾਲੀ ਆਵਾਜ਼ ਵਿੱਚ ਗਾਇਆ ਗਿਆ ਹੈ , ਜੋ ਇੱਕ ਅਭੁੱਲ ਸੰਗੀਤਕ ਅਨੁਭਵ ਦਾ ਵਾਅਦਾ ਕਰਦਾ ਹੈ। ਪ੍ਰਤਿਭਾਸ਼ਾਲੀ ਤਰਸੇਮ ਜੱਸੜ ਦੁਆਰਾ ਲਿਖੇ ਗਏ ਬੋਲ, 'ਮਸਤਾਨੇ' ਦੇ ਆਲੇ ਦੁਆਲੇ ਦੇ ਉਤਸ਼ਾਹ ਨੂੰ ਵਧਾਉਂਦੇ ਹੋਏ, ਫਿਲਮ ਦੇ ਬਿਰਤਾਂਤ ਨੂੰ ਦਰਸਾਉਂਦੇ ਹਨ। 'ਸ਼ਹਿਜ਼ਾਦਾ' ਇੱਕ ਅਸਾਧਾਰਨ ਸੰਗੀਤਕ ਸਾਹਸ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ ਜੋ ਫਿਲਮ ਦੇ ਥੀਮ ਨੂੰ ਪੂਰੀ ਤਰ੍ਹਾਂ ਪੂਰਕ ਕਰਦਾ ਹੈ। ਵੇਹਲੀ ਜਨਤਾ ਫਿਲਮਜ਼ ਅਤੇ ਓਮਜੀਜ਼ ਸਿਨੇ ਵਰਲਡ ਦੁਆਰਾ ਪੇਸ਼ ਕੀਤਾ ਗਿਆ, 'ਮਸਤਾਨੇ' ਇੱਕ ਸਹਿਯੋਗੀ ਪ੍ਰੋਜੈਕਟ ਹੈ ਜੋ ਮਨਪ੍ਰੀਤ ਜੌਹਲ ਦੁਆਰਾ ਆਸ਼ੂ ਮੁਨੀਸ਼ ਸਾਹਨੀ ਅਤੇ ਕਰਮਜੀਤ ਸਿੰਘ ਜੌਹਲ ਦੇ ਨਾਲ ਤਿਆਰ ਕੀਤਾ ਗਿਆ ਹੈ। ਫਿਲਮ ਸ਼ਰਨ ਆਰਟ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤੀ ਗਈ ਹੈ। ਮਸਤਾਨੇ ਦਾ ਟਰੇਲਰ ਪ੍ਰਤਿਭਾਸ਼ਾਲੀ ਟੀਮ ਦੁਆਰਾ ਬਣਾਈ ਗਈ ਅਸਾਧਾਰਨ ਦੁਨੀਆ ਦੀ ਇੱਕ ਝਲਕ ਪੇਸ਼ ਕਰਦਾ ਹੈ, ਜਿਸ ਵਿੱਚ ਤਰਸੇਮ ਜੱਸੜ, ਸਿਮੀ ਚਾਹਲ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਹਨੀ ਮੱਟੂ ਅਤੇ ਬਨਿੰਦਰ ਬੰਨੀ ਸ਼ਾਮਲ ਹਨ।




# ਰੂਪਨਗਰ ਤੋਂ ਵਿਧਾਇਕ ਦਿਨੇਸ਼ ਚੱਢਾ ਅਤੇ ਸਾਥੀ ਮਾਨਯੋਗ ਅਦਾਲਤ ਵੱਲੋਂ ਬਰੀ

## ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋਕੇ ਕੀਤਾ ਸ਼ੁਕਰਾਨਾ




• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਪਿਛਲੀ ਸਰਕਾਰ ਵੇਲੇ ਲੋਦੀਪੁਰ ਪੁਲ ਦੀ ਉਸਾਰੀ ਦੀ ਮੰਗ ਨੂੰ ਲੈ ਕੇ ਲਗਾਏ ਧਰਨੇ ਤੋਂ ਬਾਅਦ ਪੁਲਿਸ ਵੱਲੋਂ ਮਾਮਲਾ ਦਰਜ ਕਰਨ ਉਪਰੰਤ ਤਕਰੀਬਨ ਢਾਈ ਸਾਲ ਚੱਲੇ ਕੇਸ ਤੋਂ ਬਾਅਦ ਸ੍ਰੀ ਅਨੰਦਪੁਰ ਸਾਹਿਬ ਦੀ ਮਾਨਯੋਗ ਜੱਜ ਜਗਮਿਲਾਪ ਸਿੰਘ ਦੀ ਅਦਾਲਤ ਵੱਲੋਂ ਰੂਪਨਗਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਦਿਨੇਸ਼ ਚੱਢਾ, ਸਾਬਕਾ ਜਿਲਾ ਪ੍ਰਧਾਨ ਮਾਸਟਰ ਹਰਦਿਆਲ ਸਿੰਘ ਬੈਂਸ ਅਤੇ ਉਨਾਂ ਦੇ ਦੋ ਹੋਰ ਸਾਥੀਆਂ ਨੂੰ ਬੀਤੇ ਦਿਨੀਂ ਬਾਇੱਜ਼ਤ ਬਰੀ ਕਰ ਦਿੱਤਾ ਗਿਆ। ਵਿਧਾਇਕ ਚੱਢਾ ਅਤੇ ਸਾਥੀਆਂ ਵਲੋਂ ਸੀਨੀਅਰ ਵਕੀਲ ਦੌਲਤ ਸਿੰਘ ਚਬਰੇਵਾਲ, ਰਾਜਬੀਰ ਸਿੰਘ ਰਾਏ, ਚੰਨਣ ਸਿੰਘ ਵਿਰਕ, ਅਮਨਦੀਪ ਕਪਲਿਸ਼, ਜਸਵਿੰਦਰ ਸਿੰਘ ਗੋਹਲਣੀ, ਮੋਹਣ ਲਾਲ ਸੈਣੀ ਅਤੇ ਰਾਜੇਸ਼ ਐਰੀ ਆਦਿ ਵਕੀਲਾਂ ਦੀ ਟੀਮ ਵਲੋਂ ਬੜੀ ਮਜਬੂਤੀ ਨਾਲ ਕੇਸ ਲੜਦਿਆਂ ਇਹ ਜਿੱਤ ਦਿਵਾਈ ਗਈ। ਬਰੀ ਹੋਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਚੱਢਾ ਨੇ ਕਿਹਾ ਕਿ ਲੋਕ ਭਲਾਈ ਲਈ ਲਗਾਏ ਧਰਨੇ ਤੋਂ ਬਾਅਦ ਪਿਛਲੀ ਕਾਂਗਰਸ ਸਰਕਾਰ ਨੇ ਮੇਰੇ ਅਤੇ ਸਾਥੀਆਂ ਉੱਪਰ ਝੂਠਾ ਕੇਸ ਦਰਜ ਕੀਤਾ ਸੀ ਪ੍ਰੰਤੂ ਪ੍ਰਮਾਤਮਾ ਦੀ ਮਿਹਰ ਸਦਕਾ ਅੱਜ ਮਾਣਯੋਗ ਅਦਾਲਤ ਵੱਲੋਂ ਸਾਨੂੰ ਸਾਰਿਆਂ ਨੂੰ ਬਾਇੱਜਤ ਬਰੀ ਕਰ ਦਿੱਤਾ ਗਿਆ ਹੈ। ਉਪਰੰਤ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਵਿਧਾਇਕ ਚੱਢਾ ਅਤੇ ਸਾਥੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵੀ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨਾਲ ਅਵਤਾਰ ਸਿੰਘ, ਸਰਪੰਚ ਹਰਦਿਆਲ ਸਿੰਘ, ਗੁਰਨੈਬ ਸਿੰਘ ਘੁੰਮਣ, ਰਾਜੂ ਮਹਾਜਨ, ਸਤਨਮ ਸਿੰਘ ਨਾਗਰਾ, ਦੀਪਕ ਪੁਰੀ, ਰਵਨੀਤ ਸਿੰਘ, ਪੰਕਜ ਸ਼ਰਮਾ, ਰਾਜੂ ਮਹਾਜਨ, ਸੁਰਿੰਦਰ ਸਿੰਘ, ਗੁਰਵਿੰਦਰ ਸਿੰਘ, ਗੁਰਚੈਨ ਸਿੰਘ, ਪ੍ਰੇਮ ਸਿੰਘ, ਕੇਸਰ ਸਿੰਘ, ਡਾਕਟਰ ਮਦਨ ਲਾਲ ਟੱਪਰੀਆਂ, ਪੰਡਤ ਸੋਨੂੰ ਆਦਿ ਵੀ ਹਾਜ਼ਰ ਸਨ।

# ਕੀ ਭਗਵੰਤ ਮਾਨ ਹੜ੍ਹਾਂ ਵਿੱਚ ਮਰੀ ਮੁਰਗੀ ਦੀ ਥਾਂ ਮੱਝ ਤੇ ਬੱਕਰੀ ਦੀ ਥਾਂ ਬੋਤੇ ਦਾ ਮੁਆਵਜ਼ਾ ਦੇ ਸਕੇਗਾ ? ਆਉ ਵਿਚਾਰੀਏ

**ਅੱਜ** ਸਾਰਾ ਪੰਜਾਬ ਵਿਦਿਆਰਥੀਆਂ ਵਲੋਂ ਇਮਤਿਹਾਨ ਦੇ ਨਤੀਜੇ ਵਾਂਗ ਮੁਖ ਮੰਤਰੀ ਭਗਵੰਤ ਮਾਨ ਵਲੋਂ ਹੜ੍ਹਾਂ ਦੀ ਤਬਾਹੀ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਦੀ ਉਡੀਕ ਕਰ ਰਿਹਾ ਹੈ। ਚੋਣ ਵਾਇਦਿਆਂ ਵਿੱਚ ਗਿਰਦਾਵਰੀ ਤੋਂ ਪਹਿਲਾਂ ਪ੍ਰਤੀ ਏਕੜ 20 ਹਜ਼ਾਰ ਮੁਆਵਜ਼ਾ ਦੇਣ ਦੀ ਭਗਵੰਤ ਮਾਨ ਦੀ ਗਰੰਟੀ ਗਲਾਂ ਕਰਨ ਸੁਖਾਲੀਆਂ ਔਖੇ ਪਾਲਣ ਬੋਲ ਦੀ ਅਖਾਣ ਵਾਂਗ ਬੇ ਵਫ਼ਾ ਹੋ ਗਈ ਹੈ। ਹੱੜ ਪੀੜਤਾਂ ਦੀ ਮਾਲੀ ਮਦਦ ਦੀ ਆੜ ਵਿੱਚ ਮੁਰਗੀ ਤੇ ਬੱਕਰੀ ਮਰੀ ਦੇ ਮੁਆਵਜਾ ਦੇਣ ਦਾ ਭਰੋਸਾ ਭਗਵੰਤ ਮਾਨ ਵਲੋਂ ਸਿਰਫ਼ ਮੀਡੀਆ ਦੀ ਸੁਰਖੀ ਬਟੋਰਨਾ ਹੀ ਪ੍ਰਤੀਤ ਹੋ ਰਿਹਾ ਹੈ। ਅੱਜ ਪੰਜਾਬ ਦੇ ਹੱਰ ਘਰ ਅਤੇ ਹੱਰ ਸੱਥ ਵਿੱਚ ਹੱੜਾਂ ਦੇ ਮੁਆਵਜ਼ੇ ਦੀ ਚਰਚਾ ਹੋ ਰਹੀ ਹੈ। ਇਨਾਂ ਚਰਚਾਵਾਂ ਵਿਚੋਂ ਅਸੀਂ ਕੋਈ ਠੋਸ ਨਤੀਜੇ ਲੱਭਣ ਦੀ ਕੋਸ਼ਿਸ਼ ਕਰਾਂਗੇ। ਇਕ ਸੱਥ ਵਿੱਚ ਬੈਠੇ ਸਿਆਣੇ ਬਜ਼ੁਰਗ ਹੜ੍ਹਾਂ ਦੀ ਮਚਾਈ ਤਬਾਹੀ ਅਤੇ ਹੜ ਪੀੜਤਾਂ ਲਈ ਮੁਆਵਜ਼ੇ ਦੀਆਂ ਗੱਲਾਂ ਕਰ ਰਹੇ ਸਨ। ਇਕ ਸਿਆਣੇ ਬਜ਼ੁਰਗ ਨੇ ਤਲਖ਼ੀ ਨਾਲ ਕਿਹਾ ਕਿ ਯਾਰ ! ਫਲੱਡਾਂ ਦੇ ਦੁਖੀਆ ਦੀ ਇਮਦਾਦ ਲਈ ਮੋਦੀ ਸਰਕਾਰ ਤੋਂ ਪੈਸੇ ਲੈਣ ਤੋਂ ਨਾਂਹ ਕਰਨ ਵਾਲਾ ਭਗਵੰਤ ਮਾਨ ਸਡੀ ਮਰਜ਼ੀ ਤੋਂ ਬਗੈਰ ਕੌਣ ਹੁੰਦੈ ? ਸਗੋਂ ਢੁਚਰਾਂ ਕਰਦੈ ਕਿ ਖਰੈਤ ਨਹੀਂ ਲੈਣੀ। ਤੇਰੀ ਸਰਕਾਰ ਦੇ ਪੱਲੇ ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਕਰਨ , ਖਸਤਾ ਸੜਕਾਂ ਦੀ ਮੁਰੰਮਤ ਕਰਨ , ਹਸਪਤਾਲਾਂ ਵਿੱਚ ਦੁਆਈਆਂ ਮੁਲ ਲੈਣ , ਪਹਿਲਾਂ ਹੋਏ ਫਸਲਾਂ ਦੇ ਖ਼ਰਾਬੇ ਦਾ ਮੁਆਵਜ਼ਾ ਦੇਣ ਅਤੇ ਪੰਜਾਬ ਦੇ ਕਰਜ਼ੇ ਦਾ ਵਿਆਜ ਦੇਣ ਜੋਗੇ ਪੈਸੇ ਹੋਣੇ ਤਾਂ ਦੂਰ ਦੀ ਗੱਲ ਇਸ ਦੇ ਉਲਟ ਪੰਜਾਬ ਸਿਰ ਦਿਨੋਂ ਦਿਨ ਹਜ਼ਾਰਾਂ ਕਰੋੜ ਕਰਜੇ ਦੀ ਪੰਡ ਵਧਦੀ ਜਾ ਰਹੀ ਹੈ। ਜਿਸ ਦਾ ਸਿੱਧਾ ਜੁਮੇਵਾਰ ਭਗਵੰਤ ਹੈ। ਦੂਜੇ ਨੇ ਟੋਕਦੇ ਹੋਏ ਕਿਹਾ ਕਿ ਭਗਵੰਤ ਨੂੰ ਕੀ ਕੋਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ ਜਹਾਜ਼ ਤੋਂ ਪੈਰ ਨੀ ਲੌਂਦਾ , ਡਾਕਟਰਨੀ ਨਾਲ ਵਿਆਹ ਕਰਾ ਲਿਆ , ਮੰਦਾ ਬੋਲਦੈ - ਚੰਗਾ ਖਾਂਦੈ , ਹੱਰ ਇਕ ਨੂੰ ਟਿੱਚਰ ਕਰਦੈ ਤੇ ਸਿਰਫ ਕੇਜਰੀਵਾਲ ਤੇ ਉਸ ਦੇ ਚਹੇਤਿਆਂ ਦੀਆਂ ਹੀ ਤਲੀਆਂ ਚੱਟਦੈ। ਇਹੋ ਜਿਹਾ ਚੱਮ ਦੀਆਂ ਚਲਾਉਣ ਦਾ ਟੈਮ ਥੋੜਾ ਹੁੰਦੈ। ਭਗਵੰਤ ਦੀਆਂ ਟਰਕੁਲੀਆਂ ਸੁਣਨ ਵਾਲੇ ਬਗਾਨੇ ਪੁਤ ਮੁਠੀਆਂ ਚ ਥੁਕੀ ਫਿਰਦੇ ਐ ਅਤੇ ਟਿਚਰਬਾਜੀ ਤੋਂ ਅੱਕੇ ਲੋਕ ਮਨ ਹੀ ਮਨ ਵਿੱਚ ਆਖ ਰਹੇ ਐ ਕਿ ÷ ਪੁਤ ਮੇਰਿਆ ਬਨੌਣਗੇ ਬਟੇਰਾ ਵੇ ਫੇਰ ਹਾਲ ਪੁਛੂੰਗੀ ਤੇਰਾ ਵੇ । ਫ਼ਕਰ ਨਾ ਕਰੋ ਗਏ ਵਚਾਰੇ ਰੋਜੜੇ ਰਹਿਗੇ ਨੌਂ ਤੇ ਵੀਹ ਦੀ ਸੱਚੀ ਅਖਾਣ ਮੁਤਾਬਕ ਮੇਰੀ ਗਲ ਯਾਦ ਰਖਿਓ ਕੋਈ ਦਿਣ ਈ ਜਾਂਦੈ ਕਿ ਭਗਵੰਤ ਦੀ ਮਾਂ ਤੋਂ ਕਿਸੇ ਨੇ ਆਟਾ ਉਧਾਰਾ ਵੀ ਨੀ ਲਜਾਣਾ । ਇਕ ਹੋਰ ਜੋ ਅਕਿਆ ਬੈਠਾ ਸੀ ਕੜਕ ਕੇ ਬੋਲਿਆਂ ਕਿ ਛੱਡੋ ਯਾਰ 'ਜਾਬਾਂ ਦੇ ਭੇੜ' ਕਿਉਂ ਕਰੀ ਜਾਨੇ ਐ । ਮੀਹਾਂ ਚ ਕੋਠੇ ਡਿਗ ਕੇ ਕੋਈ ਥਾਈਂ ਮੱਝਾਂ ਮਰਗੀਆਂ ਬਿਜਲੀ ਡਿੱਗ ਕੇ ਕੱਈਆਂ ਦੇ ਬੋਤੇ ਆਦਿ ਮਰਗੇ। ਮੈਂ ਤਾਂ ਕਹਿਨੈ ਕਿ ਸ਼ੁਕਰ ਹੈ ! ਜੇ ਭਗਵੰਤ ਮਾਨ ਮੁਰਗੀ ਦੀ ਥਾਂ ਮੱਝ ਅਤੇ ਬਕਰੀ ਦੀ ਥਾਂ ਬੋਤੇ ਮਰੇ ਦਾ ਮੁਆਵਜ਼ਾ ਹੀ ਦੇ ਦੇਵੇ। ਪਰ ਕਾਣੀਏਂ ਘੋੜੇ ਚੱੜੇ ਤਾਂ ਜਾਣੀਏਂ ।



**ਜਤਿੰਦਰ ਪਾਲ ਸਿੰਘ ਕਲੇਰ**
**ਸੀਨੀਅਰ ਪੱਤਰਕਾਰ**
**ਬਿਊਰੋ ਚੀਫ ਪੰਜਾਬ**

# ਪੀ ਐਚ ਸੀ ਬਹਿਰਾਮਪੁਰ ਦੇ ਸਮੂਹ ਫੀਮੇਲ ਸਟਾਫ ਵਲੋਂ ਤੀਆਂ ਦਾ ਤਿਉਹਾਰ ਮਨਾਇਆ



**• ਦੋਰਾਂਗਲਾ,ਰਾਕੇਸ਼ ਜੀਵਨ ਚੱਕ**

ਸਾਉਂਣ ਦੇ ਮਹੀਨੇ ਵਿੱਚ ਪੰਜਾਬ ਦੀਆਂ ਲੜਕੀਆਂ ਵਲੋਂ ਤੀਆਂ ਦਾ ਤਿਉਹਾਰ ਬੜੇ ਹੀ ਚਾਅ ਅਤੇ ਉਤਸਾਹ ਨਾਲ ਮਨਾਇਆ ਜਾਂਦਾ ਹੈ । ਇਸੇ ਤਰਾਂ ਹੀ ਅੱਜ ਪੀ ਐਚ ਸੀ ਬਹਿਰਾਮਪੁਰ ਅਧੀਂਨ ਆਉਂਦੇ ਸਮੂਹ ਫੀਮੇਲ ਸਟਾਫ ਵਲੋਂ ਬਹੁਤ ਹੀ ਚਾਅ ਅਤੇ ਉਤਸਾਹ ਨਾਲ ਤੀਆਂ ਦਾ ਤਿਉਹਾਰ ਮਨਾਇਆ ਗਿਆ । ਇਸ ਤੀਆਂ ਦੇ ਪ੍ਰੋਗਰਾਮ ਨੂੰ ਹੋਰ ਵੀ ਵਿਸੇ?ਸ ਬਣਾਉਂਣ ਲਈ ਪੰਜਾਬੀ ਸੱਭਿਆਚਾਰਕ ਪਹਿਰਾਵੇ ਵਿੱਚ ਲੋਕ ਗੀਤ,ਪੰਜਾਬੀ ਬੋਲੀਆਂ,ਪੰਜਾਬੀ ਗਿੱਧਾ ਪਾ ਕੇ ਤੀਆਂ ਦਾ ਤਿਉਹਾਰ ਮਨਾਇਆ ਗਿਆ । ਇਸ ਸਮੇਂ ਸਮੂਹ ਫੀਮੇਲ ਸਟਾਫ ਵਲੋਂ ਸਾਂਝੇ ਤੌਰ ਤੇ ਦੱਸਿਆ ਕਿ ਧੀਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਚ ਜਿਥੇ ਤੀਆਂ ਦੇ ਤਿਉਹਾਰ ਦੀ ਅਹਿੰਮ ਭੂਮਿਕਾ ਹੈ ਅਤੇ ਔਰਤ ਤੋਂ ਬਿੰਨਾ ਸਾਡਾ ਸਮਾਜ ਅਧੂਰਾ ਹੈ ਤੇ ਔਰਤਾਂ ਦਾ ਮਾਣ ਸਤਿਕਾਰ ਹੀ ਪੰਜਾਬੀ ਵਿਰਸੇ ਦੀ ਪਹਿਚਾਣ ਹੈ । ਇਸ ਸਮੇਂ ਐਲ ਐਚ ਵੀ ਮੈਂਡਮ ਸੁਰਿੰਦਰ ਕੌਰ,ਸਾਬਕਾ ਐਲ ਐਚ ਵੀ ਮੈਂਡਮ ਪਰਮਜੀਤ ਕੌਰ ,ਏ ਐਨ ਐਮ ਜਸਬੀਰ ਕੌਰ,ਸੀ ਐਚ ਓ ਪਵਨਪ੍ਰੀਤ ਕੌਰ,ਸੀ ਐਚ ਓ ਹਰਪ੍ਰੀਤ ਕੌਰ ਆਦਿ ਸਿਹਤ ਮੁਲਾਜ਼ਮਾਂ ਵਲੋਂ ਤੀਆਂ ਦਾ ਤਿਉਹਾਰ ਮਨਾਇਆ ਗਿਆ ।

# ਨੈਣਾਂ ਦੇਵੀ ਮੇਲੇ ਦੇ ਮੱਦੇਨਜ਼ਰ ਪੁਲਿਸ ਵਲੋਂ ਕੀਤੇ ਗਏ ਪੁਖਤਾ ਪ੍ਰਬੰਧ



## ■ ਸੰਗਤਾਂ ਨੂੰ ਕਿਸੇ ਵੀ ਤਰਾਂ ਦੀ ਪ੍ਰੇਸ਼ਾਨੀ ਨਹੀ ਆਉਣ ਦਿਤੀ ਜਾਵੇਗੀ : ਐਸ ਐਸ ਪੀ ਵਿਵੇਕਸ਼ੀਲ ਸੋਨੀ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਪ੍ਰਸਿੱਧ ਸ਼ਕਤੀ ਪੀਠ ਮਾਤਾ ਨੈਣਾਂ ਦੇਵੀ ਦੇ ਚਲ ਰਹੇ ਨਰਾਤਿਆਂ ਦੇ ਮੱਦੇਨਜ਼ਰ ਪੁਲਿਸ ਵਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਇਸ ਸਬੰਧੀ ਅੱਜ ਪੰਜਾਬ-ਹਿਮਾਚਲ ਪ੍ਰਦੇਸ਼ ਸਰਹੱਦ ਤੇ ਪੈਂਦੇ ਪਿੰਡ ਜੱਜਰ ਵਿਖੇ ਐਸ ਐਸ ਪੀ ਵਿਵੇਕਸ਼ੀਲ ਸੋਨੀ ਵਲੋਂ ਕੀਤੇ ਗਏ ਪਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਦੁਰ ਦੁਰਾਡੇ ਤੋਂ ਆ ਰਹੀਆਂ ਸੰਗਤਾਂ ਲਈ ਸੁਚੱਜੇ ਪਬੰਧ ਕੀਤੇ ਗਏ ਹਨ ਤੇ ਸੰਗਤਾਂ ਨੂੰ ਕਿਸੇ ਵੀ ਤਰਾਂ ਦੀ ਪ੍ਰੇਸ਼ਾਨੀ ਨਹੀ ਆਉਣ ਦਿਤੀ ਜਾਵੇਗੀ। ਉਨ੍ਹਾਂ ਕਿਹਾ ਸਮੁੱਚੇ ਪ੍ਰਬੰਧ ਲਈ ਪੁਲਿਸ ਦੇ ਕਰਮਚਾਰੀ 24 ਘੰਟੇ ਹਾਜ਼ਰ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਡੀਐਸਪੀ ਅਜੇ ਸਿੰਘ ਅਤੇ ਥਾਣਾ ਮੁਖੀ ਹਰਕੀਰਤ ਸਿੰਘ ਵੀ ਹਾਜ਼ਰ ਸਨ।

# ਨਵੇਂ ਸੈਸ਼ਨ ਦੀ ਸ਼ੁਰੂਆਤ ਡਿਪਸ ਆਈਐਮਟੀ ਵਿਖੇ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ

**• ਜਲੰਧਰ**

ਡਿਪਸ ਆਈਐਮਟੀ ਵਿੱਚ ਨਵਾਂ ਸੈਸ਼ਨ 2023-2024 ਸ਼ੁਰੂ ਹੋ ਗਿਆ ਹੈ। ਇਸ ਮੌਕੇ ਕਾਲਜ ਵਿੱਚ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਅਤੇ ਕਾਲਜ ਅਤੇ ਵਿਦਿਆਰਥੀਆਂ ਦੀ ਦਿਨ ਰਾਤ ਚੌਗੁਣੀ ਤਰੱਕੀ ਦੀ ਕਾਮਨਾ ਕੀਤੀ ਗਈ। ਪਾਠ ਵਿੱਚ ਚੇਅਰਪਰਸਨ ਜਸਵਿੰਦਰ ਕੌਰ ਅਤੇ ਡਾਯਰੇਕਟਰ ਕੇਕੇ ਹਾਂਡੂ ਨੇ ਮੁੱਖ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਰਾਗੀ ਜਥੇ ਵੱਲੋਂ ਕੀਰਤਨ ਕੀਤਾ ਗਿਆ। ਇਸ ਤੋਂ ਬਾਅਦ ਸਾਰਿਆਂ ਨੇ ਮਿਲ ਕੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਅਰਦਾਸ ਕੀਤੀ। ਵਿਦਿਆਰਥੀਆਂ ਵੱਲੋਂ ਗੁਰੂ ਦਾ ਗੁਣਗਾਨ ਕਰਦਿਆਂ ਸ਼ਬਦ ਕੀਰਤਨ ਕੀਤਾ ਗਿਆ।

ਇਸ ਦੌਰਾਨ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਦੀ ਅਵਾਜ਼ ਤੋਂ ਜਾਣੂ ਕਰਵਾ ਕੇ ਹਮੇਸ਼ਾ ਸੱਚ ਦਾ ਸਾਥ ਦਿੰਦੇ ਹੋਏ ਸਖ਼ਤ ਮਿਹਨਤ ਕਰਨ ਅਤੇ ਸਹੀ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਗਿਆ, ਉਨ੍ਹਾਂ ਕਿਹਾ ਕਿ ਸੱਚ ਦੇ ਮਾਰਗ 'ਤੇ ਚੱਲਣ ਵਾਲੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਕਦੇ ਹਾਰ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਪਿ?ਸੀਪਲ ਡਾ: ਰਵੀ ਸਿੱਧੂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪੜ੍ਹਾਈ ਵੱਲ ਪੂਰਾ ਧਿਆਨ ਦੇਣ ਅਤੇ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ, ਉਨ੍ਹਾਂ ਵਿਦਿਆਰਥੀਆਂ ਨੂੰ ਕਾਲਜ ਦੇ ਟਾਈਮ ਟੇਬਲ, ਨਿਯਮਾਂ ਅਤੇ ਨਿਯਮਾਂ ਬਾਰੇ ਜਾਣਕਾਰੀ ਦਿੱਤੀ।

ਐਮਡੀ ਸਰਦਾਰ ਤਰਵਿੰਦਰ ਸਿੰਘ ਨੇ ਸਾਰੇ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਚੰਗੇ ਅੰਕ ਪ੍ਰਾਪਤ ਕਰਕੇ ਹਮੇਸ਼ਾ ਡਿਪਸ ਚੇਨ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਵਿਦਿਆਰਥਣਾਂ ਦਾ ਸਵਾਗਤ ਕਰਦਿਆਂ ਸੀਈਓ ਮੋਨਿਕਾ ਮੰਡੋਤਰਾ ਨੇ ਕਾਲਜ ਦੀਆਂ ਪਿਛਲੇ ਸਾਲਾਂ ਦੀਆਂ ਪ੍ਰਾਪਤੀਆਂ ਅਤੇ ਸ਼ਾਨਦਾਰ ਨਤੀਜਿਆਂ ਬਾਰੇ ਦੱਸਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਆਪਣੀ ਪ੍ਰਤਿਭਾ ਵਿੱਚ ਨਿਪੁੰਨ ਬਣਾਉਣ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਭਵਿੱਖ ਵਿੱਚ ਆਸਾਨੀ ਨਾਲ ਆਪਣੇ ਕਰੀਅਰ ਵਿੱਚ ਅੱਗੇ ਵੱਧ ਸਕਣ।

St. Soldier GROUP OF INSTITUTIONS
EDUCATIONAL SINCE 1958
64 YEARS EXCELLENCE
MORE THAN •56 Colleges & Schools •200 Merit Positions •125 Companies For Placements •75 Academic Courses •2000 Placements In 2022-2023 •42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
/stsoldiergroup
www.stsoldiergroup.com
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# ਚਾਰ ਹਿੰਦੀ ਮਿੰਨੀ ਕਹਾਣੀਆਂ

## ਚੰਨੀ

ਚੰਨੀ ਬੈਠੀ-ਬੈਠੀ ਆਪਣੇ ਪੈਰ ਘੁੱਟਣ ਲੱਗੀ। 'ਹਾਏ ਰੱਬਾ, ਅੰਗ-ਅੰਗ ਦੁਖ ਰਿਹਾ ਹੈ। ਅੱਠ-ਦਸ ਘਰਾਂ ਦਾ ਚੁੱਲ੍ਹਾ-ਚੌਂਕਾ ਅਤੇ ਕੱਪੜੇ, ਫਿਰ ਹਸਪਤਾਲ ਵਿੱਚ ਐਡਮਿਟ ਛੋਟੇ ਦੀ ਬੀਮਾਰ ਲੜਕੀ ਦੀ ਦੇਖਭਾਲ ਕਰਨ ਚਲੀ ਜਾਂਦੀ। ਸਰੀਰ ਨੂੰ ਇੱਕ ਮਿੰਟ ਵੀ ਅਰਾਮ ਨਹੀਂ।

'ਚੰਨੀ, ਹੁਣ ਤੈਨੂੰ ਕੀ ਲੋੜ ਹੈ ਏਨਾ ਕੰਮ ਕਰਨ ਦੀ?' ਸਾਰਿਆਂ ਦਾ ਇੱਕ ਹੀ ਸੁਆਲ।

ਕਹਿਣ ਨੂੰ ਤਿੰਨ ਮੁੰਡਿਆਂ ਦੀ ਮਾਂ, ਪਰ ਤਿੰਨਾਂ ਦੇ ਘਰ-ਪਰਿਵਾਰ ਦੀ ਜ਼ਿੰਮੇਵਾਰੀ ਚੰਨੀ ਦੇ ਸਿਰ। ਇਸ ਤੋਂ ਬਿਨਾਂ ਇੱਕ ਬੇਰੁਜ਼ਗਾਰ ਮਰਦ, ਤੇਜ਼ ਤੱਰਾਰ ਨੂੰਹਾਂ- ਇਹ ਹੈ ਉਹਦਾ ਟੱਬਰ। ਘਰ-ਪਰਿਵਾਰ ਦੀਆਂ ਲੋੜਾਂ, ਬੀਮਾਰੀ-ਸ਼ਮਾਰੀ ਨਿਪਟਾਉਂਦੇ-ਨਿਪਟਾਉਂਦੇ, ਸ਼ਾਹੂਕਾਰ ਤੋਂ ਕਰਜ਼ਾ ਲੈਂਦੇ-ਦਿੰਦੇ ਚੰਨੀ ਦੇ ਅੰਗੂਠੇ ਦੀਆਂ ਰੇਖਾਵਾਂ ਗਾਇਬ ਹੋ ਗਈਆਂ... ਇਸੇ ਲਈ ਕੱਲ੍ਹ ਮੂੰਹ ਦਬਾ ਕੇ ਭੱਦਾ ਹਾਸਾ ਹੱਸਦਿਆਂ ਮੁਨੀਮ ਕਹਿ ਰਿਹਾ ਸੀ ਕਿ ਨਵੇਂ ਕਰਜ਼ੇ ਲਈ ਹੁਣ ਇਹ ਅੰਗੂਠਾ ਨਹੀਂ ਚੱਲੇਗਾ।

ਸੋਚਦਿਆਂ-ਸੋਚਦਿਆਂ ਅਚਾਨਕ ਪੇਟ ਵਿੱਚ ਜ਼ੋਰ ਦਾ ਗੋਲਾ ਉਠਿਆ... ਓਹ! ਧਿਆਨ ਆਇਆ ਕਿ ਅੱਜ ਸਵੇਰ ਤੋਂ ਹੀ ਪੇਟ ਵਿੱਚ ਅੰਨ ਦਾ ਇੱਕ ਦਾਣਾ ਵੀ ਨਹੀਂ ਗਿਆ।

ਪੇਟ ਫੜ ਕੇ ਕਿੱਲੀ ਤੇ ਟੰਗਿਆ ਝੋਲਾ ਲਾਹ ਕੇ ਡੱਬੇ ਵਿੱਚੋਂ ਮੈਡਮ ਦੇ ਦਿੱਤੇ ਪਰੌਂਠੇ ਕੱਢ ਕੇ ਖਾਣ ਲੱਗੀ। 'ਆਪਣਿਆਂ ਤੋਂ ਵੱਧ ਪ੍ਰਵਾਹ ਤਾਂ ਇਹ ਮੈਡਮਾਂ ਕਰਦੀਆਂ ਨੇ।'

ਇੱਕ ਗਲਾਸ ਪਾਣੀ ਪੀ ਕੇ ਤ੍ਰਿਪਤ ਹੋ ਕੇ ਚਟਾਈ ਤੇ ਲੇਟ ਗਈ ਤੇ ਖਾਲੀ ਛੱਤ ਨਾਲ ਗੱਲਾਂ ਕਰਨ ਲੱਗੀ। ਇਹ ਛੱਤ ਹੀ ਤਾਂ ਹੈ ਜੋ ਬਿਨਾਂ ਗਿਲੇ-ਸ਼ਿਕਵੇ ਤੋਂ ਉਹਦਾ ਦੁਖ ਸੁਣਦੀ ਹੈ ਅਤੇ ਜ਼ਖ਼ਮਾਂ ਨੂੰ ਸਹਿਲਾਉਂਦੀ ਹੈ, ÷ਕਾਲਜੇ ਵਿੱਚ ਬਹੁਤ ਪੀੜ ਹੈ। ਕੀਹਨੂੰ ਦੱਸਾਂ, ਕੀ ਦੱਸਾਂ ਹੁਣ?'

'ਪ੍ਰੀਤੋ ਦੀ ਮਾਂ, ਪ੍ਰੀਤੋ ਦੀ ਮਾਂ! ਸੌਂ ਗਈ? ਉਠ...!'

ਦੀਵੇ ਦੇ ਚਾਨਣ ਵਿੱਚ ਚੰਨੀ ਬਾਂਹ ਤੇ ਉੱਭਰੇ, ਕੱਲ੍ਹ ਦੇ ਹੀ ਨੀਲ ਅਤੇ ਨਹੁੰਆਂ ਦੀਆਂ ਖਰੌਂਚਾਂ ਨੂੰ ਮਲਣ ਲੱਗੀ।

'ਓਏ ਚੰਨੀ, ਤੂੰ ਉਠਦੀ ਹੈਂ ਕਿ...

'ਹਾਂ, ਨਹੀਂ ਉਠਦੀ! ਬੋਲ ਕੀ ਕਰ ਲਏਂਗਾ? ਛੱਡ ਦੇਵੇਂਗਾ ਮੈਨੂੰ? ਛੱਡ ਮੈਨੂੰ! ਮੈਂ ਤੈਨੂੰ ਛੱਡਦੀ ਹਾਂ। ਦਫ਼ਾ ਹੋ ਜਾ ਏਥੋਂ, ਮੇਰੇ ਘਰੋਂ...'

'ਚੰਨੀ! ਚੰਨੀ! ਬੀਜੀ! ਓ ਬੀਜੀ!÷ ਕਈ ਉਨੀਂਦਰੀਆਂ, ਊਂਘਦੀਆਂ ਅੱਖਾਂ ਵੱਡੀਆਂ ਵੱਡੀਆਂ ਹੋ ਕੇ ਚੰਨੀ ਨੂੰ ਹੈਰਾਨੀ ਨਾਲ ਵੇਖ ਰਹੀਆਂ ਸਨ...।

*

## ਬੀਜੀ

ਜੇਠ ਦੀ ਤਪਸ਼ ਨਾਲ ਤਪੀ ਧਰਤੀ ਅੱਗ ਵਰ੍ਹਾ ਰਹੀ ਸੀ। ਸੰਨਾਟਾ ਛਾਇਆ ਹੋਇਆ ਸੀ। ਸਿਰ ਤੇ ਪਰਨਾ ਵਲ੍ਹੇਟੀ ਇੱਕਾ- ਦੁੱਕਾ ਹਿੰਮਤੀ ਬੰਦੇ ਹੀ ਇਸ ਦੁਪਹਿਰ ਵਿੱਚ ਖਰੀਦਾਰੀ ਕਰਨ ਨਿਕਲੇ ਸਨ।





ਚੁੰਨੀ ਨਾਲ ਮੁੜ੍ਹਕਾ ਪੂੰਝ ਬੀਜੀ ਨੇ ਛੋਟੇ ਪੱਖੇ ਦਾ ਮੂੰਹ ਆਪਣੇ ਵੱਲ ਘੁਮਾਇਆ, ਕੁਝ ਚੈਨ ਮਿਲਿਆ। ਤਿੱਖੀ ਧੁੱਪ ਵਿੱਚ ਝੁਰੜੀਆਂ ਵਾਲੀਆਂ ਅੱਖਾਂ ਕੁਝ ਹੋਰ ਸੁੰਗੜ ਗਈਆਂ। ਪਤਾ ਨਹੀਂ ਗਰਮੀ ਦੀ ਤਪਸ਼ ਨਾਲ ਜਾਂ ਕਿਸਮਤ ਦੀ ਬੇਰੁਖੀ ਨਾਲ।

ਸਾਹਮਣੇ ਐਲੂਮੀਨੀਅਮ ਦੀ ਸ਼ੀਟ ਵਾਲੇ ਲੱਕੜ ਦੇ ਮੇਜ਼ ਤੇ ਐਵੇਂ ਹੀ ਗਿੱਲਾ ਪੋਚਾ ਫੇਰ ਦਿੱਤਾ।

ਕਾਸ਼! ਆਪਣੇ ਹੱਥ ਦੀਆਂ ਰੇਖਾਵਾਂ ਵੀ ਉਹ ਇਉਂ ਹੀ ਪੂੰਝ ਸਕਦੀ। ਸੁੰਗੜੀਆਂ ਹੋਈਆਂ ਅੱਖਾਂ ਇੱਕ ਲਾਈਨ ਜਿਹੀ ਰਹਿ ਗਈਆਂ... ਮੰਟੂ ਚਾਰ ਸਾਲ ਦਾ ਹੀ ਤਾਂ ਸੀ, ਜਦੋਂ ਸੁਖਵਿੰਦਰ ਪੂਰੀ ਗ੍ਰਹਿਸਥੀ ਉਹਦੇ ਭਰੋਸੇ ਛੱਡ ਕੇ ਇੱਕ ਰਾਤ ਛਾਤੀ ਵਿੱਚ ਦਰਦ ਕਾਰਨ ਹਮੇਸ਼ਾ ਵਾਸਤੇ ਦੂਰ ਚਲਾ ਗਿਆ ਅਤੇ ਮੰਟੂ...! ਨਹੀਂ! ਨਹੀਂ! ਉਹ ਖੂਨੀ ਦ੍ਰਿਸ਼ ਉਹਨੂੰ ਦਿਨ-ਰਾਤ...ਮੰਟੂ ਦਾ ਪੱਚੀਵਾਂ ਜਨਮਦਿਨ ਅਤੇ ਉਹ ਫਿਰਕੂ ਭੀੜ! ਇੱਕ ਸ਼ੋਰ! ਫਿਰ ਸਭ ਕੁਝ ਖਾਮੋਸ਼ੀ ਵਿੱਚ ਬਦਲ ਗਿਆ। ਰਹਿ ਗਈ ਇਕੱਲਤਾ! ਅਤੇ ਦੋ ਵਕਤ ਦੀ ਰੋਟੀ ਕਮਾਉਣ ਦੀ ਮਜਬੂਰੀ!

ਬੇਬੱਸ ਬੀਜੀ

ਘਰ ਦੀ ਡਿਉਢੀ ਲੰਘ ਇਸ ਗੁੰਮਟੀ ਤੱਕ ਪਹੁੰਚ ਗਈ ਅਤੇ ਗਰਮੀ ਨਾਲ ਬੇਹਾਲ ਲੋਕਾਂ ਨੂੰ ਤਾਜ਼ੇ ਜੂਸ ਨਾਲ ਤ੍ਰਿਪਤ ਕਰਨ ਲੱਗੀ। ਅੱਜ ਉਹ ਸਿਰਫ਼ ਮੰਟੂ ਦੀ ਬੀਜੀ ਨਹੀਂ, ਸਭ ਦੀ ਬੀਜੀ ਬਣ ਗਈ।

ਇੱਕ ਲੰਮੇ ਸੰਘਰਸ਼ ਦੀ ਕਹਾਣੀ ਛੁਪਾਈ ਇੱਕ ਮੁਸਕਾਨ। ਪਰ ਮੁਸਕਾਨ ਵਿੱਚ ਛੁਪਿਆ ਦਰਦ ਕਦੇ-ਕਦੇ ਅੱਖਾਂ ਦੇ ਰਸਤੇ ਵਹਿ ਤੁਰਦਾ। ਫਿਰ ਵੀ ਬੀਜੀ ਸਭ ਨਾਲ ਹੱਸਦੀ-ਬੋਲਦੀ ਅਤੇ ਸਭ ਦੇ ਦੁਖ-ਸੁਖ ਵਿੱਚ ਸ਼ਾਮਲ ਹੁੰਦੀ। ਕਿੰਨੀ ਅਪਣੱਤ, ਪ੍ਰੇਮ ਨਾਲ ਭਰੀ ਹੈ ਉਹਦੀ ਬੋਲੀ। ਛੋਟੀ ਜਿਹੀ ਸਾਫ਼-ਸੁਥਰੀ ਗੁੰਮਟੀ ਤੇ ਗਾਹਕਾਂ ਦੀ ਲੰਮੀ ਲਾਈਨ, ਜਿਸ ਵਿੱਚ ਕੋਈ ਉਹਦਾ ਪੁੱਤਰ, ਕੋਈ ਨੂੰਹ ਤੇ ਕੋਈ ਧੀ...।

ਬੀਜੀ, ਚਾਰ ਗਲਾਸ ਔਰੇਂਜ ਜੂਸ÷, ਅਤੇ ਉਹਦੇ ਹੱਥ ਮਸ਼ੀਨ ਤੇ ਘੁੰਮਣ ਲੱਗੇ, ਕੁਝ ਹੀ ਦੇਰ ਵਿੱਚ ਚਮਕਦੇ ਗਲਾਸਾਂ ਵਿੱਚ ਤਾਜ਼ਾ ਔਰੇਂਜ ਜੂਸ।

'ਮਾਰੋ! ਮਾਰੋ! ਸਾਲੇ ਨੂੰ!' ਸਾਹਮਣੇ ਸੜਕ ਤੇ ਕੁਝ ਨਾਅਰੇ! ਉੱਚੀਆਂ ਆਵਾਜ਼ਾਂ! 'ਹਾਏ ਨੀ! ਨਾ ਮਾਰੋ! ਨਾ ਮਾਰੋ ਮੇਰੇ ਮੁੰਡੇ ਨੂੰ!' ਸਾਹੋ-ਸਾਹ ਹੋਈ ਬੀਜੀ ਖੂਨ ਦੀਆਂ ਪਿਆਸੀਆਂ ਤਲਵਾਰਾਂ ਦੇ ਚੱਕਰਵਿਊ ਨੂੰ ਚੀਰ ਕੇ ਭੀੜ ਵਿੱਚ ਵੜ ਗਈ। ÷ਪੁੱਤਰ! ਮੇਰੇ ਬੱਚੇ! ਇਸ ਵਾਰ ਮੈਂ ਤੈਨੂੰ ਨਹੀਂ ਜਾਣ ਦਿਆਂਗੀ। ਬੀਜੀ ਨੇ ਉਸ ਯੁਵਕ ਨੂੰ ਛਾਤੀ ਨਾਲ ਚਿਪਕਾ ਲਿਆ। ਅਤੇ ਖੁਦ ਲਹੂ-ਤਿਹਾਈਆਂ ਤਲਵਾਰਾਂ ਦੇ ਵਾਰ ਸਹਿੰਦੀ ਰਹੀ। ਅਚਾਨਕ ਕਾਲੀ ਸੜਕ ਲਾਲ ਹੋ ਗਈ। ਸ਼ਾਇਦ ਭੀੜ ਦਾ ਜੋਸ਼ ਕੁਝ ਘਟ ਗਿਆ ਜਾਂ ਲਹੂ ਦੀ ਪਿਆਸ ਬੁਝ ਗਈ।

'ਬੀਜੀ! ਬੀਜੀ!' ਯੁਵਕ ਬੁੜਬੁੜਾਇਆ... ਅਚੇਤ ਬੀਜੀ ਦੀ ਧੌਣ ਇੱਕ ਪਾਸੇ ਡਿੱਗ ਪਈ। ਪਰ ਉਨ੍ਹਾਂ ਦੇ ਸ਼ਾਂਤ ਚਿਹਰੇ ਤੇ ਇੱਕ ਸੰਤੁਸ਼ਟ ਮੁਸਕਾਨ... ਆਪਣੇ ਪੁੱਤਰ ਨੂੰ ਮਿਲਣ ਦੀ ਆਸ ਜਾਂ ਕਿਸੇ ਮਾਂ ਦੇ ਪੁੱਤਰ ਦੀ ਜਾਨ ਬਚਾਉਣ ਦੀ ਤਸੱਲੀ!

## ਰੇਖਾਵਾਂ

ਸੇਵਾ ਸਦਨ! ਸ਼ਹਿਰੋਂ ਦੂਰ, ਅਤੀਤ ਤੋਂ ਦੂਰ, ਵਰਤਮਾਨ ਨੂੰ ਸੰਭਾਲੀ।

ਸੰਘਣੇ ਰੁੱਖ ਹੇਠਾਂ ਫੁੱਲਾਂ ਦਾ ਹਾਰ ਪਹਿਨੀ ਬਜ਼ੁਰਗ ਜੋੜਾ। ਸਮੇਂ ਦੇ ਥੱਪੜਾਂ ਦੀਆਂ ਰੇਖਾਵਾਂ ਦੋਹਾਂ ਦੇ ਚਿਹਰੇ ਤੇ ਮੌਜੂਦ ਦਿੱਸ ਰਹੀਆਂ ਸਨ।

ਓ ਡੂੰਘੀ ਵੱਡੀ ਰੇਖਾ! ਤੂੰ ਬਾਊ ਜੀ ਦੇ ਚਿਹਰੇ ਤੇ ਕਦੋਂ ਆਈ ਸੀ?




ਉਦੋਂ ਹੀ ਆ ਗਈ ਸਾਂ ਜਦੋਂ ਬੇਟੇ ਦੀ ਪੜ੍ਹਾਈ ਲਈ ਬਾਊ ਜੀ ਆਫ਼?ਸ ਵਿੱਚ ਓਵਰਟਾਈਮ ਕਰਦੇ ਸਨ। ਸਾਰੀ-ਸਾਰੀ ਰਾਤ ਜਾਗ ਕੇ ਨੌਕਰੀ ਕਰਕੇ ਬੇਟੇ ਦੀ ਕਾਲਜ ਦੀ ਫੀਸ ਭਰੀ।

ਦੂਜੀ ਦੁਖੀ ਰੇਖਾ ਵੀ ਸੋਚਦੀ ਹੋਈ ਬੋਲੀ, ÷ਜਦੋਂ ਸਾਵਿਤਰੀ ਮਾਂ ਬਾਊ ਜੀ ਤੋਂ ਦੂਰ ਚਲੀ ਗਈ ਸੀ... ਅਤੇ ਉਸਤੋਂ ਬਾਦ ਮੇਰੇ ਨਾਲ ਹੀ ਇੱਕ ਪਿੱਛੋਂ ਇੱਕ ਪਤਾ ਨਹੀਂ ਕਿੰਨੀਆਂ ਛੋਟੀਆਂ- ਵੱਡੀਆਂ ਰੇਖਾਵਾਂ ਬਾਊਜੀ ਦੇ ਚਿਹਰੇ ਤੇ ਆਉਂਦੀਆਂ ਰਹੀਆਂ। ਮੈਂ ਡੂੰਘੀ ਕਾਲੀ ਰੇਖਾ ਉਦੋਂ ਆਈ, ਜਦੋਂ ਬੇਟੇ ਅਤੇ ਬਹੂ ਨੇ ਉਨ੍ਹਾਂ ਨੂੰ 'ਸੇਵਾ ਸਦਨ' ਦਾ ਰਾਹ ਵਿਖਾ ਦਿੱਤਾ ਸੀ...।

ਤੇ ਤੂੰ ਦੱਸ, ਤੂੰ ਕਦੋਂ ਆਈ ਅੰਮਾ ਦੇ ਚਿਹਰੇ ਤੇ? ਮੈਂ ਕੀ ਦੱਸਾਂ, ਅੰਮਾ ਦੀ ਕਹਾਣੀ ਕਿਹੜੀ ਬਾਊ ਜੀ ਦੀ ਕਹਾਣੀ ਤੋਂ ਵੱਖਰੀ ਹੈ? ਅੰਮਾ ਦੇ ਪਤੀ ਕੀ ਗੁਜ਼ਰੇ, ਅੰਮਾ ਰਾਣੀ ਤੋਂ ਨੌਕਰਾਣੀ ਬਣ ਗਈ, ਉਦੋਂ ਮੈਂ ਉਨ੍ਹਾਂ ਦੇ ਚਿਹਰੇ ਤੇ ਡੂੰਘੀ ਰੇਖਾ ਬਣ ਕੇ ਉਭਰੀ ਸਾਂ। ਫਿਰ ਹੌਲੀ-ਹੌਲੀ ਭੁੱਖੇ ਢਿੱਡ, ਬਹੂ-ਬੇਟੇ ਦੀ ਨੁਕਤਾਚੀਨੀ ਸਹਿੰਦੀ ਰਹੀ। ਭਾਵੇਂ ਕੁਝ ਵੀ ਹੈ, ਹੈ ਤਾਂ ਆਪਣਾ ਹੀ ਖੂਨ! ਆਪਣਾ ਬੇਟਾ, ਜੀਹਦੇ ਬੀਮਾਰ ਹੋਣ ਤੇ ਚੌਵੀ ਘੰਟੇ ਦਿਨ-ਰਾਤ ਪੈਰਾਂ ਤੇ ਖੜ੍ਹੇ ਹੋ ਕੇ ਦੇਵੀ ਤੋਂ ਸੁੱਖ ਮੰਗੀ ਸੀ। ਅਤੇ ਇਨ੍ਹਾਂ ਹੀ ਸਭ ਵਿੱਚ ਰੇਖਾਵਾਂ ਦਾ ਮਕੜਜਾਲ ਬਣਦਾ ਚਲਾ ਗਿਆ।

ਅਸੀਂ ਰੇਖਾਵਾਂ ਵੀ... ਜੀਵਨ ਦੇ ਹਨੇਰੀ-ਤੂਫ਼ਾਨ ਨੂੰ ਝੱਟ ਉਕੇਰ ਦਿੰਦੀਆਂ ਹਾਂ।

ਕੀ ਕਰੀਏ? ਇਹ ਸਾਡੀ ਵੀ ਬਦਕਿਸਮਤੀ ਹੀ ਹੈ! ਉਦੋਂ ਹੀ ਬਜ਼ੁਰਗ ਦੰਪਤੀ ਦੇ ਪੋਪਲੇ ਮੂੰਹ ਦੀ ਖਿੜਖਿੜਾਹਟ ਸੁਣ ਕੇ ਸਾਰੀਆਂ ਰੇਖਾਵਾਂ ਤ੍ਰਭਕ ਗਈਆਂ। ਦੋਹਾਂ ਦੇ ਚਿਹਰੇ ਤੇ ਛਾਏ ਅਸੀਮ ਸੁਖ ਵਿੱਚ ਸਾਰੀਆਂ ਰੇਖਾਵਾਂ ਧੁੰਦਲੀਆਂ ਹੋ ਗਈਆਂ।

## ਬੂਟ

**ਆਸਪਾਸ** ਧੂੰਆਂ ਹੀ ਧੂੰਆਂ! ਚਾਰੇ ਪਾਸੇ ਮੌਤ ਦਾ ਮੰਜ਼ਰ! ਕਦੇ ਸਾਇਰਨ ਦੀ ਆਵਾਜ਼ ਤੇ ਕਦੇ ਕਲੇਜੇ ਨੂੰ ਕੰਬਾ ਦੇਣ ਵਾਲੇ ਗੋਲਿਆਂ ਦੇ ਧਮਾਕੇ! ਕਾਲਜਾ ਮੂੰਹ ਨੂੰ ਆ ਜਾਂਦਾ।



ਇੱਕ ਉਮੀਦ ਲਈ ਪਾਪਾ ਦੀ ਰਾਹ ਵੇਖਦੇ ਮਾਂ, ਦੀਦੀ ਅਤੇ ਮੈਂ। ਵਿੱਚ-ਵਿੱਚ ਖੰਡਰ ਹੋਏ ਘਰ ਦੀ ਕੰਧ ਦੀ ਝੀਤ ਵਿੱਚੋਂ ਝਾਕ ਲੈਂਦੇ। ਦੂਰ-ਦੂਰ ਤੱਕ ਲਪਟਾਂ ਹੀ ਲਪਟਾਂ! ਸੁਲਗਦਾ ਹੋਇਆ ਸਭ ਕੁਝ!

ਠਕ! ਠਕ! ਠਕ! ਨੇੜੇ ਆਉਂਦੀ ਭਾਰੀ-ਭਰਕਮ ਬੂਟਾਂ ਦੀ ਆਵਾਜ਼! ਮੈਂ ਅਤੇ ਮਾਂ ਭੱਜ ਕੇ ਅਲਮਾਰੀ ਦੇ ਪਿੱਛੇ ਲੁਕ ਗਏ ਅਤੇ ਦੀਦੀ ਕੰਟੇਨਰ ਦੇ ਪਿੱਛੇ।

ਬੂਟਾਂ ਦੀ ਆਵਾਜ਼ ਨੇੜੇ ਆ ਗਈ...ਬਹੁਤ ਨੇੜੇ।

ਅਚਾਨਕ ਦੀਦੀ ਦੀ ਚੀਕ... ਮਾਂ ਨੇ ਝੱਟ ਮੇਰੇ ਮੂੰਹ ਤੇ ਹੱਥ ਰੱਖ ਕੇ ਮੈਨੂੰ ਕਸ ਕੇ ਫੜ ਲਿਆ। ਚੀਕ ਘੁਟ ਕੇ ਅੰਦਰ ਹੀ ਸਮਾ ਗਈ।

ਹੌਲੀ-ਹੌਲੀ ਦੀਦੀ ਦੀ ਚੀਕ ਸਿਸਕੀਆਂ ਵਿੱਚ ਬਦਲ ਗਈ... ਮੁੜਦੇ ਬੂਟਾਂ ਦੀ ਆਵਾਜ਼ ਠਕ, ਠਕ ਦੂਰ ਜਾ ਰਹੀ ਸੀ।

ਸਾਹਮਣੇ ਸੜਦੀ, ਸੁਲਗਦੀ, ਧਧਕਦੀ, ਸਿਸਕਦੀ ਦੀਦੀ... ਅੱਗਾਂ ਹੀ ਅੱਗਾਂ!

DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com [ dipsimt@gmail.com ]
CONTACT : 95010-00697, 97806-00998

# ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਪਹੁੰਚ ਕੇ ਹੜ੍ਹ ਲੋੜਵੰਦ ਲਈ ਮੱਦਦ ਦਾ ਹੱਥ ਵਧਾਇਆ





**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਉਚੇਰੀ ਸਿੱਖਿਆ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਪੰਜਾਬ ਨੇ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿਚ ਪਿਛਲੇ ਚਾਰ ਦਿਨਾਂ ਤੋਂ ਕੁਦਰਤ ਦੀ ਤਰਾਸਦੀ ਤੋ ਪ੍ਰਭਾਵਿਤ ਸਤਲੁਜ ਦਰਿਆਂ ਨੇੜੇ ਵਸੇ ਪਿੰਡਾਂ ਦੇ ਲੋਕਾਂ ਲਈ ਰਾਹਤ ਤੇ ਬਚਾਅ ਕਾਰਜਾ ਦੇ ਨਾਲ ਨਾਲ ਨਿਰਵਿਘਨ ਬਿਜਲੀ ਦੇ ਜਲ ਸਪਲਾਈ ਬਹਾਲ ਕਰਵਾਉਣ ਅਤੇ ਰਾਸ਼ਨ ਸਮੱਗਰੀ ਪਹੁੰਚਾਉਣ ਵਰਗੀਆਂ ਜਨ ਸਹੂਲਤਾਂ ਮੁਹੱਇਆ ਕਰਵਾਉਣ ਦੀ ਕਮਾਂਡ ਬੀਤੇ ਚਾਰ ਦਿਨਾਂ ਤੋਂ ਖੁੱਦ ਸੰਭਾਲੀ ਹੋਈ ਹੈ। ਦਿਨ ਰਾਤ ਕੈਬਨਿਟ ਮੰਤਰੀ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰ ਰਹੇ ਹਨ, ਉਨ੍ਹਾਂ ਦੇ ਸਾਥੀ ਵਰਕਰ, ਸਮਾਜ ਸੇਵੀ ਸੰਗਠਨ, ਸਮੁੱਚੇ ਪ੍ਰਸਾਸ਼ਨ ਨੂੰ ਆਪਣਾ ਸਹਿਯੋਗ ਦੇ ਰਹੇ ਹਨ। ਐਨ.ਡੀ.ਆਰ.ਐਫ ਦੀਆਂ ਟੀਮਾਂ ਵੱਲੋਂ ਪ੍ਰਭਾਵਿਤ ਖੇਤਰਾਂ ਵਿੱਚ ਫਸੇ ਲੋਕਾਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਥਾਵਾ ਤੇ ਬਣੇ ਰਾਹਤ ਸ਼ਿਵਰਾ ਤੱਕ ਪਹੁੰਚਾਉਣ ਅਤੇ ਇਨ੍ਹਾਂ ਕੈਂਪਾਂ ਵਿੱਚ ਲੋੜੀਦੀਆਂ ਸਹੂਲਤਾਂ ਮੁਹੱਇਆ ਕਰਵਾਉਣ ਦੀ ਨਿਗਰਾਨੀ ਖੁੱਦ ਕੈਬਨਿਟ ਮੰਤਰੀ ਹਰਜੋਤ ਬੈਂਸ ਕਰ ਰਹੇ ਹਨ। ਲਗਾਤਾਰ ਚਾਰ ਦਿਨਾਂ ਤੋਂ ਦਿਨ ਰਾਤ ਹਲਕੇ ਦੇ ਪ੍ਰਭਾਵਿਤ ਪਿੰਡਾਂ ਦੇ ਦੌਰੇ ਦੌਰਾਨ ਉਨ੍ਹਾਂ ਨੇ ਆਪਣੇ ਸਾਥੀ ਵਰਕਰਾਂ ਨੂੰ ਸੇਵਾ ਦੀ ਭਾਵਨਾ ਨਾਲ ਕੰਮ ਕਰਨ ਲਈ ਜਾਗਰੂਕ ਕੀਤਾ ਹੋਇਆ ਹੈ।

## ਰਾਸ਼ਨ ਸਮੱਗਰੀ, ਨਿਰਵਿਘਨ ਬਿਜਲੀ ਤੇ ਜਲ ਸਪਲਾਈ ਬਹਾਲ ਕਰਵਾਉਣ ਤੇ ਰਾਹਤ ਕਾਰਜਾ ਦੀ ਖੁੱਦ ਸੰਭਾਲ ਕਮਾਂਡ

ਅੱਜ ਪ੍ਰਭਾਵਿਤ ਪਿੰਡ ਭਨਾਮ ਵਿਖੇ ਰਾਸ਼ਨ ਸਮੱਗਰੀ ਵੰਡਣ ਤੋ ਪਹਿਲਾ ਅਧਿਕਾਰੀਆਂ ਨਾਲ ਬੈਠਕ ਕਰਕੇ ਹਿਮਾਚਲ ਪ੍ਰਦੇਸ਼ ਤੋਂ ਭਾਖੜਾ ਡੈਮ ਵਿਚ ਆ ਰਹੇ ਪਾਣੀ ਅਤੇ ਡੈਮ ਵਿਚੋ ਪਾਣੀ ਛੱਡਣ ਦੇ ਤਾਜਾ ਹਾਲਾਤ ਦੀ ਸਮੀਖਿਆ ਕਰਨ ਉਪਰੰਤ ਕੈਬਨਿਟ ਮੰਤਰੀ ਨੇ ਦੱਸਿਆ ਕਿ ਰਾਹਤ ਵਾਲੀ ਖਬਰ ਹੈ ਕਿ ਹਾਲਾਤ ਤੇਜੀ ਨਾਲ ਸੁਧਰ ਰਹੇ ਹਨ। ਪ੍ਰਸਾਸ਼ਨ ਦੀ ਚੁਸਤ ਦਰੁਸਤ ਕਾਰਗੁਜਾਰੀ ਅਤੇ ਸਾਥੀ ਵਰਕਰਾ ਦੀ ਅਣਥੱਕ ਮਿਹਨਤ, ਫੋਜ ਅਤੇ ਐਨ.ਡੀ.ਆਰ.ਐਫ ਦੀਆਂ ਟੀਮਾਂ, ਪੁਲਿਸ ਸੁਰੱਖਿਆ ਮੁਲਾਜਮਾਂ ਅਤੇ ਵੱਖ ਵੱਖ ਵਿਭਾਗਾ ਦੀ ਸ਼ਲਾਘਾਯੋਗ ਕਾਰਗੁਜਾਰੀ ਨਾਲ ਅਸੀ ਹਰ ਤਰਾਂ ਦੇ ਜਾਨੀ ਨੁਕਸਾਨ ਤੋਂ ਬੱਚ ਗਏ ਹਾਂ। ਉਨ੍ਹਾਂ ਨੇ ਕਿਹਾ ਕਿ ਜਲਦੀ ਹੀ ਹਾਲਾਤ ਆਮ ਵਰਗੇ ਹੋਣਗੇ, ਪਾਣੀ ਦਾ ਪੱਧਰ ਤੇਜੀ ਨਾਲ ਘੱਟ ਰਿਹਾ ਹੈ, ਜਨ ਸਹੂਲਤਾਂ ਲੋਕਾਂ ਨੂੰ ਨਿਰੰਤਰ ਉਪਲੱਬਧ ਹੋਣਗੀਆਂ, ਅਸੀ ਹਰ ਖੇਤਰ ਤੇ ਹਰ ਪ੍ਰਭਾਵਿਤ ਪਰਿਵਾਰ ਦੇ ਸੰਪਰਕ ਵਿਚ ਹਾਂ, ਸਾਡੀਆਂ ਟੀਮਾਂ ਪੂਰੀ ਤਰਾਂ ਚੋਂਕਸ ਹਨ, ਲੋੜਵੰਦਾਂ ਤੱਕ ਹਰ ਜਨ ਸਹੂਲਤ ਉਪਲੱਬਧ ਕਰਵਾਉਣਾ ਸਾਡੀ ਜਿੰਮੇਵਾਰੀ ਹੈ। ਇਸ ਮੋਕੇ ਸੰਦੀਪ ਕੁਮਾਰ ਤਹਿਸੀਲਦਾਰ, ਰਜਿੰਦਰ ਮੋਹਨ ਗੌਤਮ ਇੰਸਪੈਕਟਰ ਫੂਡ ਸਪਲਾਈ, ਡਾ.ਸੰਜੀਵ ਗੌਤਮ, ਐਡਵੋਕੇਟ ਨਿਸ਼ਾਤ ਗੁਪਤਾ, ਰਾਕੇਸ਼ ਮਹਿਲਮਾ, ਹੈਰੀ ਮਜਾਰਾ, ਬੰਟੀ ਭਲਾਣ, ਸਤਵਿੰਦਰ ਭੰਗਲ ਸਰਪੰਚ, ਨਰੇਸ਼ ਕੁਮਾਰ, ਮੋਹਣ ਸਿੰਘ, ਸੇਵਾ ਸਿੰਘ, ਨਰਿੰਦਰ ਕੈਫ, ਨਿਤਿਨ ਪੁਰੀ, ਰਾਕੇਸ਼ ਸੈਣੀ, ਮਨਦੀਪ ਸਿੰਘ, ਨਿਖਿਲ, ਗੁਰਵਿੰਦਰ ਸਿੰਘ, ਹਰਨੇਕ ਸਿੰਘ, ਦਰਬਾਰਾ ਸਿੰਘ, ਸੁਰਜੀਤ ਸਿੰਘ, ਸੇਠੀ, ਸਿੰਦਰ ਆਦਿ ਹਾਜਰ ਸ਼ਨ।

# ਸਮਾਜ ਸੇਵਾ : ਜੀਵਨ ਦਾ ਜ਼ਰੂਰੀ ਹਿੱਸਾ



**ਪਿਆਰੇ** ਬੱਚਿਓ ! ਸਾਡੇ ਰਿਸ਼ੀਆਂ - ਮੁਨੀਆਂ, ਸੰਤ - ਫ਼ਕੀਰਾਂ, ਗੁਰੂਆਂ - ਪੀਰਾਂ ਅਤੇ ਵੱਡੇ - ਬਜ਼ੁਰਗਾਂ ਨੇ ਸਾਨੂੰ ਜੀਵਨ ਵਿੱਚ ਪਰਉਪਕਾਰ ਕਰਨ, ਦੂਸਰਿਆਂ ਦੇ ਕੰਮ ਆਉਣ, ਵਾਤਾਵਰਨ ਤੇ ਜੀਵ-ਜੰਤੂਆਂ ਦੀ ਰੱਖਿਆ ਕਰਨ, ਦਸਵੰਧ/ਦਸ਼ਾਂਸ਼ ਕੱਢਣ ਅਤੇ ਕੁਦਰਤੀ ਆਫਤਾਂ ਦੇ ਸਮੇਂ ਮਾਨਵਤਾ ਦੀ ਭਲਾਈ ਕਰਨ ਦੀ ਸਿੱਖਿਆ ਦਿੱਤੀ ਹੈ। ਇਹ ਸਭ ਸਮਾਜ਼ ਸੇਵਾ ਦਾ ਰੂਪ ਹੈ। ਪਿਆਰੇ ਬੱਚਿਓ ! ਅੱਜ ਮਨੁੱਖ ਹੌਲੀ-ਹੌਲੀ ਆਪਣੇ ਆਪ ਤੱਕ ਹੀ ਸੀਮਿਤ ਹੁੰਦਾ ਜਾ ਰਿਹਾ ਹੈ, ਪਰ ਸਮਾਜ ਵਿੱਚ ਅਜਿਹੇ ਇਨਸਾਨ ਵੀ ਹਨ ਜੋ ਆਪਣੇ ਆਪ ਤੋਂ ਉੱਪਰ ਉੱਠ ਕੇ ਵਿਸ਼ਾਲ ਸੋਚ ਦੇ ਧਾਰਨੀ ਹਨ। ਅਜਿਹੇ ਇਨਸਾਨ ਕੇਵਲ ਤੇ ਕੇਵਲ ਪਰਉਪਕਾਰ ਦੀ ਭਾਵਨਾ ਹਿੱਤ ਸਮਾਜ ਦੀ ਭਲਾਈ ਲਈ ਆਪਣਾ ਤਨ, ਮਨ, ਧਨ ਅਤੇ ਕੀਮਤੀ ਸਮਾਂ ਸਮਰਪਣ ਕਰਦੇ ਰਹਿੰਦੇ ਹਨ। ਇਹਨਾਂ ਪਰਉਪਕਾਰੀ ਇਨਸਾਨਾਂ ਦੇ ਵਾਂਗ ਹੀ ਪਿਆਰੇ ਬੱਚਿਓ ! ਸਾਨੂੰ ਵੀ ਆਪਣੀ ਯੋਗਤਾ, ਹਾਲਾਤਾਂ ਅਤੇ ਹੈਸੀਅਤ ਅਨੁਸਾਰ ਜੀਵਨ ਭਰ ਸਮਾਜ ਸੇਵਾ ਲਈ ਤਨ, ਮਨ, ਧਨ ਤੇ ਸਮੇਂ ਨਾਲ ਯਥਾਸੰਭਵ ਯੋਗਦਾਨ ਪਾਉਂਦੇ ਰਹਿਣਾ ਚਾਹੀਦਾ ਹੈ। ਪਿਆਰੇ ਬੱਚਿਓ ! ਸਮਾਜ ਸੇਵਾ ਤੇ ਪਰਉਪਕਾਰ ਦੇ ਕਈ ਰੂਪ ਹਨ, ਜਿਵੇਂ ਵਾਤਾਵਰਣ ਦੀ ਖ਼ੁਸ਼ਹਾਲੀ ਲਈ ਪੌਦੇ ਲਗਾਉਣਾ ਤੇ ਉਨ੍ਹਾਂ ਦੀ ਸੰਭਾਲ ਕਰਨਾ, ਜੀਵ - ਜੰਤੂਆਂ ਅਤੇ ਪੰਛੀ - ਪਰਿੰਦਿਆਂ ਲਈ ਦਾਣਾ - ਪਾਣੀ ਤੇ ਆਲਣਿਆਂ ਦਾ ਪ੍ਰਬੰਧ ਕਰਨਾ, ਲਾਚਾਰ ਤੇ ਮਜਬੂਰ ਰੋਗੀਆਂ, ਕੁਦਰਤੀ ਆਫਤਾਂ ਸਮੇਂ ਲੋੜਵੰਦਾਂ ਦੀ ਧਨ, ਭੋਜਨ, ਕੱਪੜੇ, ਦਵਾਈਆਂ ਆਦਿ ਨਾਲ ਸਹਾਇਤਾ ਕਰਨਾ, ਸਮਾਜਿਕ ਸੰਸਥਾਵਾਂ ਨਾਲ ਜੁੜ ਕੇ ਲੋਕ ਭਲਾਈ ਦੇ ਕਾਰਜ ਕਰਨਾ, ਦੁਖੀਆਂ ਤੇ ਜ਼ਰੂਰਤਮੰਦਾਂ ਦੀ ਲੋੜ ਅਨੁਸਾਰ ਵੱਧ ਤੋਂ ਵੱਧ ਮਦਦ ਕਰਨਾ। ਹਾਂ ! ਸਾਨੂੰ ਇਹ ਸਮਾਜ ਸੇਵਾ ਦੇ ਕਾਰਜ ਕਰਦੇ ਸਮੇਂ ਇਹ ਗੱਲ ਹਮੇਸ਼ਾ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਇਹ ਕੰਮ ਬਿਨਾਂ ਕਿਸੇ ਆਸ, ਲੋਭ - ਲਾਲਚ ਅਤੇ ਬਿਨਾਂ ਕਿਸੇ ਵਿਤਕਰੇ ਨਾਲ ਅਤੇ ਕੇਵਲ ਤੇ ਕੇਵਲ ਪਰਉਪਕਾਰ ਦੀ ਭਾਵਨਾ ਨਾਲ ਨਿਰੰਤਰ ਕਰਦੇ ਰਹਿਣਾ ਚਾਹੀਦਾ ਹੈ। ਪਿਆਰੇ ਬੱਚਿਓ ! ਸਮਾਜ ਸੇਵਾ ਸਾਨੂੰ ਸੱਚੀ ਅੰਦਰੂਨੀ ਖੁਸ਼ੀ, ਅਸਲ ਸੁੱਖ - ਸਕੂਨ ਤੇ ਸੰਤੁਸ਼ਟੀ ਪ੍ਰਦਾਨ ਕਰਦੀ ਹੈ। ਅਧਿਆਤਮਕ ਪੱਖ ਤੋਂ ਵੀ ਸਮਾਜ - ਸੇਵਾ ਦੀ ਬਹੁਤ ਮਹੱਤਤਾ ਹੈ। ਇਸ ਪੱਖ ਅਨੁਸਾਰ ਸਮਾਜ ਸੇਵਾ ਸਾਨੂੰ ਤੰਦਰੁਸਤੀ, ਤਰੱਕੀ ਤੇ ਤ੍ਰਿਪਤੀ ਪ੍ਰਦਾਨ ਕਰਦੀ ਹੈ। ਪਿਆਰੇ ਬੱਚਿਓ ! ਮਨੁੱਖ ਹੋਣਾ ਹੀ ਬਹੁਤ ਵੱਡੀ ਗੱਲ ਹੈ ; ਕਿਉਂਕਿ ਮਨੁੱਖ ਸੋਚ ਸਕਦਾ ਹੈ, ਮਨੁੱਖ ਕੋਲ ਭਾਵਨਾਵਾਂ ਹਨ ਤੇ ਮਨੁੱਖ ਕੁਦਰਤ ਦੀ ਰਚਨਾ ਵੀ ਹੈ। ਜਦੋਂ ਕਿ ਦੂਸਰੇ ਜੀਵ - ਜੰਤੂ ਜਾਂ ਪੰਛੀ - ਪਰਿੰਦੇ ਮਨੁੱਖ ਦੀ ਬਰਾਬਰੀ ਕਿਸੇ ਪੱਖੋਂ ਨਹੀਂ ਕਰ ਸਕਦੇ। ਸੋ ਪਿਆਰੇ ਬੱਚਿਓ ! ਜੀਵਨ ਵਿੱਚ ਜਦੋਂ ਕਦੇ ਵੀ ਸਾਨੂੰ ਸਮਾਜ ਸੇਵਾ ਕਰਨ ਦਾ ਮੌਕਾ ਮਿਲੇ ਤਾਂ ਸਾਨੂੰ ਅਜਿਹੇ ਕੀਮਤੀ ਮੌਕੇ ਨੂੰ ਗਵਾਉਣਾ ਨਹੀਂ ਚਾਹੀਦਾ। ਸਗੋਂ ਇਨਸਾਨੀਅਤ - ਧਰਮ ਦਿਖਾਉਂਦੇ ਹੋਏ ਬਿਨਾਂ ਕਿਸੇ ਵਿਤਕਰੇ ਤੋਂ ਪਰਉਪਕਾਰ ਦੀ ਭਾਵਨਾ ਨਾਲ ਸਮਾਜ ਸੇਵਾ ਲਈ ਹਮੇਸ਼ਾ ਅੱਗੇ ਆਉਣਾ ਚਾਹੀਦਾ ਹੈ। ਪਿਆਰੇ ਬੱਚਿਓ ! ਸਮਾਜ - ਸੇਵਾ ਮਾਨਵ ਜੀਵਨ ਦੀ ਨੀਂਹ ਅਤੇ ਨਿਸ਼ਾਨੀ ਹੈ। ਇਸ ਲਈ ਤੁਸੀਂ ਹਮੇਸ਼ਾ ਚੰਗੇ ਕੰਮ ਕਰਨ ਅਤੇ ਸਮਾਜ ਸੇਵਾ ਹਿੱਤ ਤੱਤਪਰ ਰਹਿਣ ਦੀ ਕੋਸ਼ਿਸ਼ ਰੱਖਣਾ। ਸਮਾਜ ਸੇਵਾ ਮਾਨਵਤਾ ਦੀ ਸੇਵਾ ਹੈ।

**ਮੈਡਮ ਰਜਨੀ ਧਰਮਾਣੀ**
**ਪਿੰਡ - ਸੰਧੇਵਾਲ**
**ਸ੍ਰੀ ਅਨੰਦਪੁਰ ਸਾਹਿਬ**




publisher/chief Editor
**Aman Mehra**
lok bani (news Paper)
lokbani08@gmail.com
www.lokbani.com
mob:99155-94111

**Head Office:**
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008



